ਵਰਿਆਮ

ਜੁਲਾਈ ੧੯੮੦



ਸੰਤ ਤਰਨ ਸਿੰਘ ਵਹਿਮੀ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਸ: ਹਰਵਿੰਦਰ ਸਿੰਘ ਹੰਸਪਾਲ ੪ ਜੁਲਾਈ ਨੂੰ ਚੰਡੀਗੜ੍ਹ ਵਿਖੇ ਪਾਰਲੀਮੈਂਟ (ਰਾਜ ਸਭਾ) ਦੇ ਮੈਂਬਰ ਚੁਣੇ ਗਏ। ਇਸ ਸਮੇਂ ਲਈਆਂ ਗਈਆਂ ਤਸਵੀਰਾਂ :

ਸ: ਹੰਸਪਾਲ ਪੰਜਾਬ ਦੇ ਮੁਖ ਮੰਤਰੀ ਸ: ਦਰਬਾਰਾ ਸਿੰਘ ਨਾਲ। ਉਹਨਾਂ ਦੇ ਨਾਲ ਸ: ਸੁਲਖਣ ਸਿੰਘ ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੇਠ ਧਰਮ ਸਿੰਘ, ਸ: ਬੀਰਪਾਲ ਸਿੰਘ ਐਮ. ਐਲ. ਏ, ਰਾਣਾ ਮੋਤੀ ਸਿੰਘ ਤੇ ਸੰਤ ਸੁਰਿੰਦਰ ਸਿੰਘ ਲੁਧਿਆਣਾ ਖੜੇ ਹਨ।

ਖਬਿਉਂ ਸੱਜੇ : ਪ੍ਰੀਤਮ ਸਿੰਘ ਕਵੀ, ਸੇਠ ਧਰਮ ਸਿੰਘ, ਪਿਛੇ ਸ: ਤੀਰਥ ਸਿੰਘ, ਜਗਦੀਸ਼ ਸਿੰਘ ਸੰਪਾਦਕ ਵਰਿਆਮ, ਸ: ਸਾਧੂ ਸਿੰਘ ਸਾਬਕ ਐਮ. ਐਲ. ਏ., ਸ: ਹਰਵਿੰਦਰ ਸਿੰਘ ਹੰਸਪਾਲ, ਚੌਧਰੀ ਜਗਤ ਰਾਮ ਸਮਾਜ ਭਲਾਈ

Sri Satguru Jagjit Singh Ji Elibrary NamdhariElibrary@gmail.com



ਅਸੈਂਬਲੀ ਹਾਲ ਦੇ ਬਾਹਰ ਸਵਾਗਤੀ ਦ੍ਰਿਸ਼ ਖੱਬਿਓਂ ਸੱਜੇ : ਸ: ਜਸਬੀਰ ਸਿੰਘ, ਸ: ਹਰਮੀਤ ਸਿੰਘ, ਸ. ਬਲਦੇਵ ਸਿੰਘ, ਸ: ਮਹਿੰਦਰ ਸਿੰਘ ਗਿੱਲ, ਸ: ਹਸਪਾਲ, ਪਿਛੇ ਸੂਬਾ ਮੇਲਾ ਸਿੰਘ ਅਤੇ ਹੋਰ ਸਮਰਥਕ ।

ਪਿਛਲੇ ਮਹੀਨੇ ਬ੍ਰਤਾਨੀਆ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਭਾਗ ਲੈਣ ਗਏ ਪੰਜਾਬੀ ਲੇਖਕਾਂ ਦਾ ਹੀਥਰੋ ਹਵਾਈ ਅੱਡਾ ਲੰਡਨ ਵਿਖੇ ਸਵਾਗਤ ਕੀਤਾ ਗਿਆ ।

Sri Satguru Jagjit Singh Ji Elibrary NamdhariElibrary@gmail.com

ਸੰਤ ਤਰਨ ਸਿੰਘ ਵਹਿਮੀ

—ਜਗਦੀਸ਼ ਸਿੰਘ



ਤਰਨ ਸਿੰਘ ਵਹਿਮੀ

ਪ੍ਰਸਿੱਧ ਰੂਸੀ ਕਵੀ ਰਸੂਲ ਹਮਜ਼ਾਤੋਂਵ ਦੀ ਪੁਸਤਕ ਮੇਰਾ ਦਾਗਿਸਤਾਨ ਵਿੱਚ ਇੱਕ ਕਹਾਵਤ ਹੈ।

'ਉਕਾਬ। ਤੂੰ ਕਿਥੇ ਜੰਮਿਆ ਸੈਂ ?

'ਤੰਗ ਗੁਫਾ ਵਿਚ'।

'ਉਕਾਬ ! ਤੂੰ ਕਿਧਰ ਨੂੰ ਉਡਦਾ ਜਾ ਰਿਹੈਂ ?

'ਵਿਸ਼ਾਲ ਆਕਾਸ਼ ਵੱਲ'।

ਸੰਤ ਤਰਨ ਸਿੰਘ ਵਹਿਮੀ ਦੀ ਸਾਹਿਤਕ ਉਡਾਨ ਉਕਾਬ ਦੇ ਪ੍ਰਮਾਣ ਨਾਲ ਢੁਕਦੀ ਹੈ। ਕੁਲ ਪੰਜ ਜਮਾਤਾਂ ਪੜ੍ਹ ਕੇ ਉਹਨਾਂ ਬਿਬੇਕ ਦੀਆਂ ਬਹੁਤ ਉਚੀਆਂ ਆਕਾਸ਼ੀ ਉਡਾਨਾਂ ਲਾਈਆਂ।

ਆਸਕਰ ਵਾਈਲਡ ਦਾ ਕਥਨ ਹੈ :

ਕੋਈ ਵੀ ਮੂਰਖ ਇਤਿਹਾਸ ਬਣਾ ਸਕਦਾ ਹੈ, ਪਰ ਇਸ ਨੂੰ ਕਲਮਬੰਦ ਕਰਨਾ, ਕਿਸੇ ਪ੍ਰਤਿਭਾਸ਼ੀਲ ਵਿਅਕਤੀ ਦਾ ਹੀ ਕੰਮ ਹੈ।

ਤਰਨ ਸਿੰਘ ਵਹਿਮੀ ਦੀ ਪ੍ਰਤਿਭਾ ਚਕ੍ਰਿਤ ਕਰਦੀ ਹੈ।

ਵਹਿਮੀ ਇਕ ਵਿਸ਼ਾਲ ਅਸਚਰਜਤਾ ਤੋਂ ਘਟ ਨਹੀਂ।

ਅਤੇ ਜਿਵੇਂ ਉਹ ਆਪ ਮੰਨਦੇ ਸਨ ਇਸ ਚਮਤਕਾਰ ਦੇ ਪਿਛੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੈਵੀ ਸ਼ਖਸੀਅਤ ਦੀ ਅਸੀਸ ਅਤੇ ਆਸ਼ੀਰਵਾਦ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਉਹਨਾਂ ਦੇ ਆਦਰਸ਼ ਸਨ। ਇਸ ਨੂੰ ਹਿੰਮਤ ਕਹੀਏ, ਲਗਨ ਕਹੀਏ ਜਾਂ ਅਲੌਕਿਕਤਾ ਕਿ ਇਕੋਂ ਵਿਅਕਤੀ ਜਿਸ ਦੀ ਮਾਮੂਲੀ ਸਕੂਲੀ ਪੜ੍ਹਾਈ ਹੈ ਆਪਣੇ ਸਮਾਜ ਵਾਸਤੇ ਸਭ ਤੋਂ ਵਧ ਪੁਸਤਕਾਂ ਰਚ ਗਿਆ। ਪੁਸਤਕਾਂ ਰਚੀਆਂ ਹੀ ਨਹੀਂ ਸਗੋਂ ਉਹਨਾਂ ਨੂੰ ਪਲਿਓਂ ਖਰਚ ਕੇ ਪ੍ਰਕਾਸ਼ਤ ਕੀਤਾ। ਉਹ ਇਕੋ ਸਮੇਂ ਇਤਿਹਾਸਕਾਰ, ਖੋਜੀ, ਵਿਦਵਾਨ, ਕਵੀ, ਸਾਹਿਤਕਾਰ, ਪ੍ਰਕਾਸ਼ਕ, ਦਾਨੀ, ਸਫਲ ਕਿਸਾਨ, ਬਜ਼ੁਰਗ ਨੇਤਾ, ਮਾਰਗ ਦਰਸ਼ਕ, ਆਦਰਸ਼ਕ ਸਿਖ ਤੇ ਕਲਾਕਾਰ ਸੀ। ਘਗਰ ਨਦੀ ਤੋਂ ਪਾਰ ਉਸਦੇ ਪਿੰਡ ਰਾਮਪੁਰ ਬੁਢੀ ਮਾੜੀ ਦੇ ਇਲਾਕੇ ਵਿਚ ਉਡਦੀ ਧੂੜ ਤੇ ਝੁਲਦੇ ਝਖੜਾਂ ਤੋਂ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਇਥੇ ਸਾਹਿਤ ਸ਼ੌਕ ਵਰਗੀ ਸ਼ੈਅ ਵੀ ਕੋਈ ਹੋ ਸਕਦੀ ਹੈ। ਪਰ ਉਸ ਮਿਟੀ ਨਾਲ ਜੂਝਦੇ ਇਲਾਕੇ ਵਿਚ ਸਾਹਿਤ ਰਿਸ਼ਮਾਂ ਖਿਲਰੀਆਂ। ਸਾਹਿਤ ਸਭਾ ਬਣੀ ਅਤੇ ਸਾਹਿਤ ਸਰਗਰਮੀਆਂ ਦੀ ਪੌਣ ਰੁਮਕਣ

Sri Satguru Jagjit Singh Ji Elibrary NamdhariElibrary@gmail.com

ਲਗੀ। ਪੁਸਤਕਾਂ ਦੀ ਗਲ ਹੋਣ ਲਗੀ। ਪਜਾਬੀ ਸਾਹਿਤ ਅਤੇ ਸਾਹਿਤਕਾਰਾਂ ਦਾ ਜ਼ਿਕਰ ਹੋਣ ਲਗਾ ਅਤੇ ਇਹਨਾਂ ਸਾਹਿਤਕਾਰਾਂ ਦਾ ਫੇਰਾ ਤੋਰਾ ਵੀ ਇਸ ਪਾਸੇ ਹੋਣ ਲਗਾ। ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਇਸ ਇਲਾਕੇ ਦੀ ਨਾਮਧਾਰੀ ਸਾਹਿਤ ਸਭਾ ਸਬੰਧਤ ਰਹੀ ਅਤੇ ਇਸ ਦੇ ਸਮਾਗਮਾਂ ਵਿਚ ਹਿਸਾ ਲੈਂਦੀ ਰਹੀ। ਬੀਤ ਚੁਕੇ ਵੇ ਇਸ ਸੁਨਿਹਰੀ ਯਾਦਾਂ ਦੇ ਦੌਰ ਵਿਚ ਨਵੇਂ ਉਗ ਦੇ ਲੇਖਕਾਂ ਵਾਸਤੇ ਵਹਿਮੀ ਨਿਵਾਸ ਪ੍ਰੇਰਨਾ ਦਾ ਸਰੋਤ ਵੀ ਰਿਹਾ ਅਤੇ ਸਹਾਇਤਾ ਕੇਂਦਰ ਵੀ।

ਵਹਿਮੀ, ਪਾਰਕ ਵਿਚ ਉਗਾਇਆ ਗਿਆ ਫੁੱਲ ਨਹੀਂ ਸੀ। ਉਹ ਤਾਂ ਜੰਗਲ ਵਿਚ ਉਗਮਿਆਂ ਰੁਖ ਸੀ। ਫੁਲ ਤੇ ਫਲ ਦੇਣ ਵਾਲਾ। ਪਿਆਰੀ ਸੁਗੰਧੀ ਦੇਣ ਵਾਲਾ, ਜਿਸਦੇ ਫਲਾਂ ਨਾਲ ਪੇਟ ਦੀ ਭੁਖ ਮਿਟਦੀ ਸੀ। ਜਿਸਦੀ ਸੰਘਣੀ ਛਾਂ ਦਾ ਸੁਖ ਰਾਹੀਂ ਮਾਣਦੇ ਸਨ। ਜਿਹੜਾ ਆਪਣੀ ਪ੍ਰਿਤਭਾ ਦੀ ਉਹ ਖੁਸ਼ਬੋਈ ਬਿਖੇਰ ਗਿਆ ਹੈ ਜਿਹੜੀ ਜੁਗਾਂ ਤੱਕ ਕਾਇਮ ਰਹੇ ਗੀ। ਜਿਸ ਨੇ ਦਿਤਾ ਹੀ ਦਿਤਾ ਹੈ ਮੰਗਿਆ ਕੁਝ ਵੀ ਨਹੀਂ। ਪ੍ਰਸੰਸਾ ਵੀ ਨਹੀਂ ਮੰਗੀ। ਉਹ ਨਹਿਰ ਵਾਂਗ ਨਹੀਂ ਸੀ ਜਿਸ ਦੀ ਵਿਉਂਤ ਇਨਜੀਨਅਰ ਬਣਾਉਂਦੇ ਹਨ ਅਤੇ ਕੰਟਰੋਲ ਕਰਦੇ ਹਨ। ਉਹ ਦਰਿਆਵਾਂ ਵਾਂਗ ਮਸਤ ਅਲਬੇਲਾ ਸ਼ਾਇਰ ਸੀ। ਜਿਸਨੇ ਬੇਪਰਵਾਹ ਹੋ ਕੇ ਆਪ ਰਾਹ ਆਪ ਬਣਾਏ। ਅਤੇ ਆਪਣੇ ਰਾਹ ਵਿਚ ਆਈ ਰੁਕਾਵਟਾਂ ਭਾਵੇਂ ਉਹ ਆਰਥਕ ਸਨ ਭਾਵੇਂ ਮਾਨਸਕ, ਸਭ ਨੂੰ ਰੋੜ੍ਹ ਕੇ ਲੈ ਗਿਆ।

ਸੰਤ ਤਰਨ ਸਿੰਘ ਵਹਿਮੀ ਹਿੰਮਤ ਦੀ ਜਾਗਦੀ ਮਿਸਾਲ ਸੀ। ਜ਼ਰਾ ਕਿਆਸ ਕਰੋ ਕਿ ਨਾਮਧਾਰੀ ਇਤਿਹਾਸ ਵਰਗੇ ਵਿਸ਼ਾਲ ਕੰਮ ਨੂੰ ਲਿਖਣ ਦਾ ਬੀੜਾ ਚੁਕ ਲੈਣਾ। ਤੇ ਫੇਰ ਲਿਖਦੇ ਹੀ ਜਾਣਾ ਲਿਖਦੇ ਹੀ। ਅੱਜ ਕਲ ਦੇ ਜ਼ਮਾਨੇ ਵਿਚ ਜਦੋਂ ਛਪਾਈ ਅਤੇ ਪ੍ਰਕਾਸ਼ਨ ਦੀਆਂ ਸਹੂਲਤਾਂ ਬਹੁਤ ਉਪਲਭਦ ਹਨ ਫੇਰ ਵੀ ਲੇਖਕ ਵਰਗ ਦੀ ਆਰਥਕ ਹਾਲਤ ਮਾੜੀ ਹੈ। ਉਸ ਸਮੇਂ ਤਾਂ ਹਾਲਤ ਇਦੂ ਵੀ ਚਿੰਤਾ ਜਨਕ ਸੀ।

ਇਹੋ ਜਿਹੀ ਸਵੈ ਵਿਸ਼ਵਾਸੀ ਸਖਸ਼ੀਅਤ ਬਾਰੇ ਹੀ ਜਿਗਰ ਮੁਰਾਦਾਬਾਦੀ ਨੇ ਕਿਹਾ ਹੈ :

"ਅਪਣਾ ਜ਼ਮਾਨਾ ਆਪ ਬਣਾਤੇ ਹੈਂ, ਅਹਿਲੇ ਦਿਲ
ਹਮ ਵੁਹ ਨਹੀਂ ਹੈ ਜਿਨ ਕੋ ਜ਼ਮਾਨਾ ਬਣਾ ਗਿਆ।"

ਪੁਰਾਣੇ ਤੋਂ ਪੁਰਾਣਾ ਸਤਿਜੁਗ ਦਾ ਪਰਚਾ ਚੁਕ ਲਵੋ ਵਿਚੋਂ ਸੰਤ ਤਰਨ ਸਿੰਘ ਵਹਿਮੀ ਦੀ ਰਚਨਾ ਜ਼ਰੂਰ ਮਿਲ ਜਾਵੇਗੀ। ਉਹ ਆਮ ਲੋਕਾਂ ਵਾਸਤੇ ਲਿਖਦੇ ਸਨ ਅਤੇ ਭਾਸ਼ਾ ਸ਼ੈਲੀ ਵੀ ਉਹਨਾਂ ਲੋਕਾਂ ਦੇ ਬੋਲ ਚਾਲ ਵਾਲੀ ਵਰਤੀ। ਉਹਨਾਂ ਦਾ ਬਿਆਨ ਆਮ ਲੋਕਾਂ ਦੀ ਧੜਕਣ ਦੇ ਜ਼ਿਆਦਾ ਨੇੜੇ ਹੁੰਦਾ। ਉਹਨਾਂ ਦਾ ਅਨੁਭਵ ਜਨ ਸਾਧਾਰਨ ਦੀਆਂ ਭਾਵਨਾਵਾਂ ਚੋਂ ਉਪਜਿਆ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਬੰਧੀ ਉਹਨਾਂ ਤਿੰਨ ਗਰੰਥ 'ਜਸ ਜੀਵਨ' ਦੇ ਨਾਮ ਹੇਠ ਦੇ ਚੁਕੇ ਹਨ ਅਤੇ ਬਾਕੀ ਛਪਣ ਦੀ ਮੰਗ ਕਰ ਰਹੇ ਹਨ। ਇਹ ਗਰੰਥ ਘਰਾਂ ਵਿਚ ਨ੍ਰਿਤਾ ਪ੍ਰਤੀ ਸ਼ਰਧਾ ਨਾਲ ਪੜ੍ਹੇ ਜਾਂਦੇ ਹਨ। ਪੁਰਾਤਨ ਸਾਖੀਆਂ ਦੀ ਸ਼ੈਲੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਨੂੰ ਆਪ ਨੇ ਹੀ ਲਿਖਿਆ ਹੈ। ਇਹਨਾਂ ਗਰੰਥਾਂ ਨੂੰ ਵਾਚਿਆਂ ਪਤਾ ਲਗਦ ਹੈ ਕਿ ਇਸ ਵਿਚ ਇਤਿਹਾਸ, ਸਾਹਿਤ, ਫਲਸਫਾ, ਗੁਰਬਾਣੀ ਅਤੇ ਜ਼ਬਾਨੀ ਉਗਾਹੀਆਂ ਨੂੰ ਥਾਂ ਪਰ ਥਾਂ ਗੁਲਦਸਤੇ ਵਾਂਗ ਸਜਾਇਆ ਹੈ

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖਸੀਅਤ ਦਾ ਸਾਰਾ ਇਤਿਹਾਸ ਲਿਖਣਾ ਅਸੰਭਵ ਹੈ। ਲਖਾਂ ਲੋਕਾਂ ਦੇ ਸੁਆਮੀ ਬਹੁਤ ਤੇਜ਼ ਜ਼ਿੰਦਗੀ ਬਤੀਤ ਕਰਦੇ। ਰੋਜ਼ ਅਨੇਕਾਂ ਘਟਨਾਵਾਂ ਵਾਪਰਦੀਆਂ ਹਜ਼ਾਰਾਂ ਲੋਕਾਂ ਵਿਚ ਵਿਚਰਕੇ, ਬੇ-ਸ਼ੁਮਾਰ ਥਾਵਾਂ ਤੇ ਜਾਂਦੇ ਸਾਧਾਰਨ ਤੋਂ ਸਾਧਾਰਨ ਸਿਖ ਤੋਂ ਲੈ ਕੇ ਉਚ ਅਧਿਕਾਰੀਆਂ ਨਾਲ ਮਿਲਦੇ ਗਿਲਦੇ। ਅੰਗਰੇਜ਼ੀ ਸਰਕਾਰ ਨਾਲ ਕੁਤਿਆਂ ਦੀ ਨਿਰਨਾਇਕ ਜੰਗ ਵੀ ਚਲ ਰਹੀ ਸੀ। ਨਾਲ ਧਾਰਮਿਕ ਪ੍ਰੋਗਰਾਮਾਂ, ਪਾਠ, ਵਰਨੀਆਂ ਅਨੰਦ ਕਾਰਜ, ਕੀਰਤਨ ਸੰਗੀਤ ਸਮਾਗਮ ਤੇ ਰਾਜਸੀ ਗਤੀ ਵਿਧੀਆਂ ਵੀ ਜਾਰੀ ਰਹਿੰਦੀਆਂ। ਵਹਿਮੀ ਜੀ ਨੇ ਸਾਰੀਆਂ ਗਲਾਂ ਨੂੰ ਕਲਮ ਬੰਦ ਕਰਨ ਦਾ ਵਧ ਤੋਂ ਵਧ ਜਤਨ ਕੀਤਾ ਹੈ। ਇਸ ਵਿਚ ਉਕਾਈਆਂ ਰਹਿ ਜਾਣੀਆਂ ਅਤੇ ਗ਼ਲਤੀਆਂ ਹੋਣੀਆਂ ਭੀ ਸੁਭਾਵਿਕ ਗਲ ਹੈ।

ਇਸ ਤੇਜ਼ ਜ਼ਿੰਦਗੀ ਨੂੰ ਲਿਖਣ ਲਈ ਉਹਨਾਂ ਛੋਟੇ ਵਾਕਾਂ ਅਤੇ ਸੰਖੇਪ ਬਿਆਨ ਵਿਚ ਬਹੁਤ ਕੁਝ ਦਸਿਆ ਹੈ।

Sri Satguru Jagjit Singh Ji Elibrary NamdhariElibrary@gmail.com

ਥੋਹੜੇ ਸ਼ਬਦਾਂ ਵਿਚ ਵਿਚ ਬਹੁਤੀ ਗਲ ਕੀਤੀ ਹੈ। ਜਿਵੇਂ:

'੧੫ ਜੋੜਿਆਂ ਦੇ ਅਨੰਦ ਹੋਏ, ੧੫ ਭੋਗ ਅਨੰਦਾਂ ਵਲੋਂ ਪਾਏ, ਅਰਜ਼ਾਂ ਸੁਣੀਆਂ, ਮੁਕਦਮੇ ਮੁਕਾਏ, ਬਖਸ਼ਿਸ਼ ਭੀ ਤੇ ਤਾੜਨਾ ਭੀ ਕੀਤੀਆਂ ਤੇ ਭੋਗ ਸਮੇਂ ਸੁਣਾਇਆ ਗਿਆ, ਅਗੋਂ ਹੋਲਾ ਸ਼ੇਖੂ ਪੁਰੇ ਦੇ ਜ਼ਿਲੇ ਵਿਚ ਗਿਲੀਂ ਬਾਰ ਵਾਲੀ ਹੋਵੇਗਾ। ਮੇਲੇ ਦੇ ਭੋਗ ਸਮੇਂ ਹੀ ਸੁਣਾਇਆ ਗਿਆ ਕਿ ਬਾਬਾ ਜਗਜੀਤ ਸਿੰਘ ਜੀ ਦਾ ਅਨੰਦ ੧੧ ਚੇਤ੍ਰ ਨੂੰ ਮਠੱਡੀਂ ਸਾਧ ਸੰਗਤ ਦੇ ਮੇਲੇ ਵਿਚ ਹੋਵੇਗਾ। ਸਭ ਸਾਧ ਸੰਗਤ ਦਰਸ਼ਨ ਦੇਵੇ। ਆਲਿਮ ਜੀ ਸੁਣਾਇਆ ਕਿ ਭੈਣੀ ਸ ਹਿਬ ਅਨੰਦ ਇਸ ਲਈ ਹੋਲੇ ਤੇ ਸਤਿਗੁਰੂ ਜੀ ਨਹੀਂ ਕੀਤਾ ਕਿ ਅਸਾਂ ਮਰਯਾਦਾ ਬਣਾਈ ਹੈ ਕਿ ਜਿਥੋਂ ਦਾ ਜੋੜੇ ਵਿਚੋਂ ਇਕ ਧਿਰ ਭੀ ਹੋਵੇ, ਓਥੇ ਅਨੰਦ ਨਹੀਂ ਕਰਨਾ।" (ਪੰਨਾ ੩੦ ; ਭਾਗ ੩)

ਬਹੁਤ ਥੋਹੜੇ ਸ਼ਬਦਾਂ ਵਿਚ ਹੋਲੇ ਦੇ ਮੇਲੇ ਦੀ ਰਿਪੋਰਟ ਕਰ ਦਿਤੀ।

ਇਤਿਹਾਸ ਲਿਖਦਿਆਂ ਵਹਿਮੀ ਜੀ ਦਾ ਕਵੀ ਮਨ ਵੀ ਉਬਾਲਾ ਖਾਂਦਾ ਤਾਂ ਵਿਚੇ ਹੀ ਇਵੇਂ ਵੀ ਲਿਖ ਦੇਂਦੇ :

'੨੦੦੦ ਸੰਮਤ ਬਿਕ੍ਰਮੀ ਦਾ ਹੋਲਾ ਹੋਇਆ
ਤਰਨ ਸਿੰਘ ਸਤਿਗੁਰੂ ਜੀ ਦਾ ਗੋਲਾ ਹੋਇਆ।'

ਵਹਿਮੀ ਜੀ ਧਾਰਮਕ ਤੇ ਇਤਿਹਾਸਕ ਪੁਸਤਕਾਂ ਦੇ ਲੇਖਕ ਅਤੇ ਧਾਰਮਕ ਕਵਿਤਾ, ਛੰਦਾ ਬੈਂਤਾਂ ਦੇ ਰਚੇਤਾ ਵਜੋਂ ਤਾਂ ਕਾਫੀ ਚਿਰ ਤੋਂ ਜਾਣੇ ਜਾਂਦੇ ਹਨ ਪਰ ਉਹਨਾਂ ਦੀ ਕਾਵਿ ਕ੍ਰਿਤ 'ਅਖੀਆਂ ਤੇ ਪ੍ਰੇਮ ਅਖਰ' ਦੇ ਪ੍ਰਕਾਸ਼ਨ ਨਾਲ ਉਹਨਾਂ ਦਾ ਨਰੋਲ ਸਾਹਿਤਕ ਚਿਤ੍ਰ ਹੋਰ ਵੀ ਨਿਖਰ ਕੇ ਸਾਹਮਣੇ ਆਇਆ ਹੈ। ਬੈਂਤ ਦੇ ਬਹਿਰ ਵਿਚ ਵਾਰਸ਼ ਸ਼ਾਹ ਦੀ ਤਰ੍ਹਾਂ ਇਸ ਤਰਾਂ ਨਗੀਨਿਆਂ ਵਾਂਗ ਸ਼ਬਦ ਜੜੇ ਹਨ ਕਿ ਜੀਅ ਕਰਦਾ ਹੈ ਪੜ੍ਹਦੇ ਹੀ ਜਾਈਏ। 'ਜੱਸ ਜੀਵਨ' ਵਾਲੀ ਸੰਖੇਪਤਾ ਤੋਂ ਉਲਟ ਇਸ ਪੁਸਤਕ ਵਿਚ ਏਨਾ ਵਿਸਥਾਰ ਅਤੇ ਪਸਾਰ ਹੈ ਕਿ ਅਖੀਆਂ ਦੇ ਵਿਸ਼ੇ ਉਤੇ ਪੂਰੀ ਇਕ ਪੁਸਤਕ ਰਚ ਦਿਤੀ ਗਈ ਹੈ। ਪੁਰਾਣੇ ਉਰਦੂ ਦੇ ਸ਼ਾਇਰਾਂ ਵਾਂਗ ਅਲਫ ਬੇ ਦੀ ਸਾਰੀ ਮੁਹਾਰਣੀ ਦੀ ਤਰਤੀਬ 'ਚ ਅਖੀਆਂ ਦਾ ਬਿਆਨ ਬਹੁਤ ਰਵਾਨੀ ਵਾਲਾ ਹੈ। ਕਿਹਾ ਸੁੰਦਰ ਬਿਆਨ ਹੈ।

ਲਾਮ ਲੂਣਾ ਨੂੰ ਪੈ ਗਿਆ ਮੂਹੋਂ ਕੂਣਾ
ਝੂਣਾ ਅਖੀਆਂ ਨੇ ਦਿਤਾ ਮਾਰ ਉਸਨੂੰ
ਅਖੀਂ ਵੇਖ ਪੂਰਨ ਚੂਰਨ ਚਿਤ ਹੋਇਆ,
ਗਿਆਂ ਭੁਲ ਸਲਵਾਨ ਭਤਾਰ ਉਸ ਨੂੰ
ਸਾਹਵੇਂ ਅਖੀਆਂ ਰਹੁ ਮੇਰੀ ਸੇਜ ਤੇ ਬਹੁ
ਲੂਣਾ ਆਖਿਆ ਨਾਲ ਪਿਆਰ ਉਸ ਨੂੰ
ਅਖੀਂ ਵੱਸ ਹੋਈ ਸੋਝੀ ਨਹੀਂ ਕੋਈ
ਉਲੱਟ ਕਰੇ ਗਿਆਨ ਪਰਚਾਰ ਉਸਨੂੰ

... ...

ਮੀਮ ਮੋਹ ਲੈਣਾ ਦਿਲ ਖੋਹ ਲੈਣਾ,
ਲਹੂ ਚੋ ਲੈਣਾ ਕਰਮ ਅਖੀਆਂ ਦਾ।
ਅਖੀਂ ਜ਼ਾਲਮਾਂ ਮਾਰਿਆ ਆਲਮਾਂ ਨੂੰ,
ਦਿਲ ਤਾਲਬਾਂ ਦੇ ਵਰਮ ਅਖੀਆਂ ਦਾ।
ਸੂਰਤ ਕੁਲ ਦਾ ਪਾਂਦੀਆਂ ਮੁਲ ਅਖੀਂ,
ਐਪਰ ਮੁਲ ਨਾਹੀਂ ਸ਼ਰਮ ਅਖੀਆਂ ਦਾ।

... ...

ਇਸੇ ਪ੍ਰਕਾਰ ਪ੍ਰੇਮ ਅੱਖਰ ਗੁਰਮੁਖੀ ਵਰਨਮਾਲਾ ਦੀ ਤਰਤੀਬ ਵਿਚ ਲਿਖੀ ਪੁਸਤਕ ਹੈ (ਅੱਖੀਆਂ ਤੇ ਪ੍ਰੇਮ ਅਖਰ ਇਕੋਂ ਜਿਲਦ ਵਿਚ ਹਨ)। ਇਸ ਵਿਚ ਹਰ ਅਖਰ ਨਾਲ ਇਕ ਪ੍ਰੇਮ ਕਹਾਣੀ ਬਿਆਨ ਕੀਤੀ ਹੈ।

ਵਹਿਮੀ ਜੀ ਨੂੰ ਸਵ: ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਕੌਮੀ ਸ਼ਾਇਰ ਕਿਹਾ ਹੈ। ਸਾਡੇ ਇਹ ਕੌਮੀ ਸ਼ਾਇਰ ਸਦਾ ਹੀ ਚੜਦੀਆਂ ਕਲਾ ਵਿਚ ਰਹੇ ਹਨ। ਸਤਿਗੁਰੂ ਰਾਮ ਸਿੰਘ ਦੇ ਵਿਯੋਗ ਵਿਚ ਬ੍ਰਿਹਾ ਕਾਵਿ ਦੀ ਰਚਨਾ ਤਾਂ ਕੀਤੀ ਹੈ ਪਰ ਆਪਣੀ ਮਾਨਸਕ ਅਵਸਥਾ ਵਿਚ ਕਦੇ ਹੀਣਤਾ ਭਾਵ ਨਹੀਂ ਆਉਣ ਦਿਤੇ ਆਪਣੇ ਜੀਵਨ ਵਿਚ ਵੀ ਉਹਨਾਂ ਦਾ ਕੋਮਲ ਮਨ ਕਦੇ ਢਹਿੰਦੀਆਂ ਕਲਾ ਵਿਚ ਨਹੀਂ ਗਿਆ।

ਮੇਰੇ ਨਾਲ ਇਕ ਵਾਰ ਵਾਰਤਾਲਾਪ ਕਰਦਿਆਂ ਉਹਨਾਂ ਮੈਨੂੰ ਸਾਹਿਤਕ ਫਰੰਟ ਤੇ ਮੁਹਿੰਮ ਚਲਾਉਣ ਲਈ ਕਿਹਾ। ਮੈਂ ਆਪਣੀ ਆਰਥਕ ਹਾਲਤ ਦੇ ਸਾਹਮਣੇ ਮਜਬੂਰੀ ਦਸੀ। ਉਹਨਾਂ ਆਪਣੇ ਜੀਵਨ ਦੀਆਂ ਉਦਾਹਰਣਾਂ ਦੇ ਕੇ ਕਿਹਾ ਕਿ ਜਦੋਂ ਕੁਝ ਕੋਲ ਨਹੀਂ ਹੁੰਦਾ ਤਾਂ ਵੀ ਮਨ ਦੀ ਅਵਸਥਾ ਉਹੋ

Sri Satguru Jagjit Singh Ji Elibrary NamdhariElibrary@gmail.com

ਜਿਹੀ ਹੋਣੀ ਚਾਹੀਦੀ ਹੈ ਤੇ ਜੇ ਆ ਜਾਵੇ ਤਾਂ ਵੀ ਸੰਤੁਲਨ ਕਾਇਮ ਰਖਣਾ ਚਾਹੀਦਾ ਹੈ।

ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਜਦੋਂ ਸ੍ਰੀ ਜੀਵਨ ਨਗਰ ਦੀ ਯਾਤਰਾ ਤੇ ਗਏ ਤਾਂ ਪ੍ਰੀਤਮ ਸਿੰਘ ਕਵੀ ਜੀ ਨੇ ਉਹਨਾਂ ਨੂੰ ਮਸਤਾਨ ਗੜ੍ਹ ਬੇਨਤੀ ਕੀਤੀ ਕਿ ਇਥੇ ਨਾਲੋਂ ਪਾਰ ਸਾਡੇ ਬਜ਼ੁਰਗ ਸਾਹਿਤਕਾਰ ਵਹਿਮੀ ਜੀ ਰਹਿੰਦੇ ਹਨ। ਉਹਨਾਂ ਨੂੰ ਜੇ ਤੁਸੀਂ ਦਰਸ਼ਨ ਦਿਓ ਤਾਂ ਉਹ ਬਹੁਤ ਖੁਸ਼ ਹੋਣਗੇ। ਸ. ਗੁਰਬਖਸ਼ ਸਿੰਘ, ਨਵਤੇਜ, ਭਾਪਾ ਪ੍ਰੀਤਮ ਸਿੰਘ ਕਵੀ ਜੀ ਤੇ ਮੈਂ ਉਹਨਾਂ ਦੇ ਪਿੰਡ ਗਏ ਸ. ਗੁਰਬਖਸ਼ ਸਿੰਘ ਦੀ ਸਿਹਤ ਇਹੋ ਜਿਹੇ ਸਫਰ ਦੀ ਆਗਿਆ ਨਹੀਂ ਦੇਂਦੀ ਹੀ ਪਰ ਉਹ ਹਿੰਮਤ ਵਲੋਂ ਕਿਹੜੇ ਘਟ ਸਨ। ਵਹਿਮੀ ਜੀ ਦੇ ਨੇਤਰ ਉਦੋਂ ਜੋਤਿ ਵਿਹੂਣੇ ਹੋ ਚੁਕੇ ਸਨ। ਪਰ ਕੀ ਮਜਾਲ ਉਹਨਾ ਇਕ ਵੀ ਗਲ ਢਹਿੰਦੀ ਕਲਾ ਵਾਲੀ ਕੀਤੀ ਹੋਵੇ। ਉਸ ਵੇਲੇ ਉਹਨਾਂ ਤੇ ਪਰਿਵਾਰਕ ਤੌਰ ਤੇ ਇਕ ਵਲੀ ਬਣੀ ਹੋਈ ਸੀ। ਉਹਨਾਂ ਦਾਅਵਾ ਬੰਨ ਕੇ ਸ. ਗੁਰਬਖਸ਼ ਸਿੰਘ ਜੀ ਨੂੰ ਆਖਿਆ ਕਿ ਮੇਰਾ ਸਤਿਗੁਰੂ ਤੇ ਭਰੋਸਾ ਹੈ ਅਤੇ ਮੇਰਾ ਦਾਅਵਾ ਹੈ ਕਿ ਅਸੀਂ ਇਸ ਮਾਮਲੇ ਵਿਚ ਸੁਰਖ਼ਰੂ ਹੋਵਾਂਗੇ।

ਉਹਨਾਂ ਆਪਣੇ ਸਪੁਤਰਾਂ ਨੂੰ ਹਮੇਸ਼ਾ ਗੁਰੂ ਘਰ ਦੇ ਵਫਾਦਾਰ ਰਹਿਣ ਦੀ ਹੀ ਪ੍ਰੇਰਣਾ ਦਿਤੀ। ਵਹਿਮੀ ਜੀ ਦਾ ਜੀਵਨ ਰਾਜ-ਯੋਗ ਦਾ ਜੀਵਨ ਸੀ। ਉਹ ਫਕੀਰ-ਬਾਦਸ਼ਾਹ ਸਨ।

ਪੁਸਤਕਾਂ ਪ੍ਰਕਾਸ਼ਨ ਬਾਰੇ ਕੁਝ ਉਪਰ ਜ਼ਿਕਰ ਹੋ ਚੁਕਾ ਹੈ। ਪੁਸਤਕਾਂ ਪ੍ਰਕਾਸ਼ਨ ਦੇ ਖੇਤਰ ਵਿਚ ਵਡੀਆਂ ਵਡੀਆਂ ਸੰਸਥਾਵਾਂ ਰਹਿ ਜਾਂਦੀਆਂ ਹਨ। ਇਕਲੇ ਵਿਅਕਤੀ ਨੇ ਸੰਸਥਾ ਤੋਂ ਵਧ ਕੰਮ ਕੀਤਾ। ਇਸ ਤੋਂ ਵਡਾ ਪੁੰਨ ਕੋਈ ਹੋਰ ਨਹੀਂ ਹੋ ਸਕਦਾ ਕਿ ਆਪਣੀ ਕੌਮ ਵਾਸਤੇ ਪੁਸਤਕਾਂ ਦੀ ਥੁੜ ਨੂੰ ਦੂਰ ਕਰਨਾ।

ਸਮੁਚੀ ਪੰਜਾਬੀ ਕੌਮ ਪੁਸਤਕਾਂ ਖਰੀਦਣ ਅਤੇ ਪੜ੍ਹਣ ਦੇ ਪਖੋਂ ਬਹੁਤ ਪਿਛੇ ਹੈ ਅਤੇ ਨਾਮਧਾਰੀ ਵਰਗ ਤਾਂ ਖਾਸ ਕਰਕੇ ਪਿਛੇ ਰਿਹਾ ਹੈ। ਅਜਿਹੀ ਸਥਿਤੀ ਵਿਚ ਪੁਸਤਕਾਂ ਛਪਵਾਈ ਹੀ ਜਾਣੀਆਂ ਕੁਰਬਾਣੀ ਨਹੀਂ ਤਾਂ ਹੋਰ ਕੀ ਹੈ? ਪਰ ਵਹਿਮੀ ਜੀ ਜਾਣਦੇ ਸਨ ਕਿ ਆਪਣੀ ਕੌਮ ਦੇ ਭਵਿਖ ਵਾਸਤੇ ਇਹ ਕਾਰਜ ਕਿੰਨਾ ਜ਼ਰੂਰੀ ਹੈ ਇਸ ਵਾਸਤੇ ਉਹਨਾਂ ਪੁਸਤਕਾਂ ਪ੍ਰਕਾਸ਼ਨ ਦਾ ਇਕ ਸਿਲਸਲਾ ਬੰਨ੍ਹ ਦਿਤਾ ਉਹਨਾਂ ਨੂੰ ਵੱਡੀ ਸ਼ਰਧਾਂਜਲੀ ਉਹ ਪੁਸਤਕਾਂ ਲੋਕਾਂ ਤਕ ਪਹੁੰਚਣਾ ਹੈ।

ਅਸੀਂ ਚਾਂਹੁੰਦੇ ਹਾਂ ਕਿ ਲੇਖਕਾਂ, ਕਲਾਕਾਰਾਂ ਨੂੰ ਵਰਿਆਮ ਦੇ ਕਾਲਮਾਂ ਵਿਚ ਯਾਦ ਕਰੀਏ। ਅੱਜ ਤੋਂ ਦੋ ਸਾਲ ਪਹਿਲਾਂ ਵਹਿਮੀ ਜੀ ਦੇ ਭੋਗ ਸਮੇਂ ਉਪ੍ਰੋਕਤ ਵਿਚਾਰ ਵਿਟਾਂਦਰੇ ਕੀਤੇ ਸਨ। ਉਸ ਸਮੇਂ ਵਰਿਆਮ ਦਾ ਇਕ ਸ਼ਾਨਦਾਰ 'ਵਹਿਮੀ ਅੰਕ' ਕਢਣ ਦੀ ਤਜਵੀਜ਼ ਰੱਖੀ ਗਈ ਸੀ। ਵਹਿਮੀ ਜੀ ਦੇ ਸਪੁਤਰ ਸ: ਸਾਧੂ ਸਿੰਘ ਕਿਸਾਨ, ਬਲੀ ਸਿੰਘ ਆਪਣੇ ਭਰਾਵਾਂ ਅਤੇ ਪਰਿਵਾਰ ਸਹਿਤ ਆਪਣੇ ਬਜ਼ੁਰਗ ਦੀ ਸਾਹਿਤਕ ਵਰਾਸਤ ਦੀ ਕਦਰਦਾਨੀ ਲਈ ਤਿਆਰ ਹਨ ਇਹ ਚੰਗੀ ਗਲ ਹੈ। ਇਲਾਕੇ ਦੀ ਪੁਰਾਣੀ ਸਾਹਿਤ ਸਭਾ ਦੇ ਮੈਂਬਰਾਂ ਵੀ ਅੰਕ ਅਤੇ ਸਾਹਿਤਕ ਸਮਾਗਮ ਲਈ ਬਹੁਤ ਉਤਸਾਹ ਦਸਿਆ ਸੀ ਪਰ ਜ਼ਿਮੀਦਾਰ ਪਰਿਵਾਰ ਹੋਣ ਕਰਕੇ ਪਰਿਵਾਰ ਪ੍ਰਤੀ ਜ਼ਮੇਵਾਰੀਆਂ ਹੋਣ ਕਰਕੇ ਸਭ ਸਕੀਮਾਂ ਅਗੇ ਹੀ ਅਗੇ ਪਾਈਆਂ ਜਾਂਦੀਆਂ ਰਹੀਆਂ। ਮੈਂ ਕਿਸਾਨ ਜੀ ਨੂੰ ਬੇਨਤੀ ਕੀਤੀ ਕਿ ਵਿਸ਼ੇਸ਼ ਅੰਕ ਦਾ ਖਿਆਲ ਜੇ ਛਡਨਾ ਹੈ ਤਾਂ ਤੁਸੀਂ ਇਕ ਆਪਣਾ ਲੇਖ ਉਹਨਾਂ ਬਾਰੇ ਦਿਓ ਤਾ ਕਿ ਉਸ ਮਹਾਨ ਇਨਸਾਨ ਦੀ ਕੀਰਤੀ ਤਾਂ ਲੋਕਾਂ ਸਾਹਮਣੇ ਆਵੇ। ਤੇ ਬਸ ਇਸ ਤਰ੍ਹਾਂ ਇਹ ਕੁਝ ਲੇਖ ਤੇ ਕੁਝ ਗਲਾਂ ਬਾਤਾਂ ਵਹਿਮੀ ਜੀ ਬਾਰੇ ਵਰਿਆਮ ਦੇ ਇਕ ਅੰਕ ਵਿਚ ਦੇ ਸਕੇ ਹਾਂ। ਆਸ ਕਰਦੇ ਹਾਂ ਪਾਠਕ ਉਹਨਾਂ ਬਾਰੇ ਕੁਝ ਜਾਣ ਸਕਣਗੇ। ●

ਸ਼ੂਕਰ ਨਦੀ ਦੀ, ਰਾਗ ਪੰਖੇਰੂਆਂ ਦਾ
ਸ਼ੋਖੀ ਫੁਲ ਦੀ ਸਿਦਕ ਪਰਵਾਨਿਆਂ ਦਾ
ਤੇਰੀ ਕਲਮ ਅਮਾਨਤੀ ਖੋਲ੍ਹ ਦਿੰਦੀ
ਗੁੱਝਾ ਜੰਦਰਾ ਰਬੀ ਖਜ਼ਾਨਿਆਂ ਦਾ

—ਧਨੀ ਰਾਮ ਚਾਤ੍ਰਿਕ

Sri Satguru Jagjit Singh Ji Elibrary NamdhariElibrary@gmail.com

ਸਵੈ ਕਥਨ

ਮੇਰਾ ਆਪਾ

—ਤਰਨ ਸਿੰਘ ਵਹਿਮੀ

ਕਵਿਤਾ ਭਾਵੇਂ ਮੈਂ ਕੋਈ ਕਦੀ ਵਰਤਦੇ ਹਾਲ ਦੀਆਂ ਇਸ ਲਿਖਤ ਤੋਂ ਪਹਿਲਾਂ ਭੀ ਲਿਖਦਾ ਸਾਂ ਪਰ ਇਕ ਮੇਰੇ ਪਿਆਰੇ ਜਮਾਤੀ ਮੀਆਂ ਨੇਅਮਤੁਲਾ ਦੀ ਪ੍ਰੇਰਨਾ ਨੇ ਇਹ ਕਿਤਾਬ* ਮੈਥੋਂ ਅਰੰਭ ਕਰਵਾਈ। ਇਹ ਮੇਰੇ ਸਜਣ, ਮੇਰੇ ਲਿਖੇ ਸ਼ੇਅਰ ਆਪ ਖੁਸ਼ਕਤ ਲਿਖਦੇ। ਸੋ ਉਹਨਾਂ ਦੀ ਲਿਖਤ ਉਰਦੂ, ਮੂਲ ਰੂਪ ਵਿਚ ਮੇਰੇ ਕੋਲ ਹੈ। ਜਿਸ ਤੋਂ ਇਹ ਉਤਾਰਾ ਗੁਰਮੁਖੀ ਅੱਖਰਾਂ ਵਿਚ ਕਰਕੇ ਛਪਵਾਉਣ ਦੇ ਖਿਆਲ ਨਾਲ (ਹੁਣ ਸ੍ਰੀ ਰਾਮਪੁਰ ਜ਼ਿਲਾ ਹਿਸਾਰ ਦੇ ਸਮੇਂ) ਕਰ ਰਿਹਾ ਹਾਂ। ਤਦੋਂ ਮੇਰੀ ਉਮਰ ੨੦-੨੫ ਸਾਲਾ ਦੇ ਵਿਚਾਲੇ ਸੀ, ਤੇ ਹੁਣ ਮਾਤਾ ਜੀ ਦੇ ਦੱਸੇ ਅਨੁਸਾਰ ਮੱਘਰ ੨੦੨੬ ਬਿਕਰਮ ਤੋਂ ੬੮ ਵਾਂ ਸਾਲ ਜਾ ਰਿਹਾ ਹੈ।

ਮੈਨੂੰ ਛੋਟੀ ਉਮਰ ਸਮੇਂ ਆਪਣੇ ਪਿੰਡ ਦੇ ਪੰਡਿਤ ਮਸਤ ਦਿਆਲ ਜੀ (ਜੋ ਸਨਿਆਸੀ ਹੋ ਬਾਅਦ ਬੂਪੜੇ ਗੁਰਾਇਆਂ ਦੇ ਕੋਲ ਡੇਰਾ ਪਾ ਕੁਝ ਚੇਲਿਆਂ ਸਮੇਤ ਜਾ ਟਿਕੇ ਸੀ) ਮੇਰੀ ਕਾਵਿਕ ਬੁਧੀ ਦੇਖ ਆਪਣੀ ਕਵਿਤਾ ਦੇ ਬੰਦ ਭੀ ਸੁਣਾਉਂਦੇ ਤੇ ਮੈਨੂੰ ਵੀ ਛੰਦਾਂ ਦੇ ਭੇਦ ਦੱਸਦੇ ਹੁੰਦੇ ਸੀ। ਪਰ ਬਿਜਲੀ ਵਾਲ ਜ਼ਿਲਾ ਗੁਰਦਾਸ ਪੁਰ ਦੇ ਹੋਲੇ ੧੯੭੦ ਬਿਕਰਮ ਨਾਮਧਾਰੀ ਪੰਥ ਦੇ ਤੇ ਮੈਨੂੰ ਕਵੀ ਹਰਨਾਮ ਸਿੰਘ ਜੀ ਜਵੰਦੇ ਕਲਾਂ ਵਾਲਿਆਂ ਦੀ ਸੰਗਤ ਹੋਈ ਜਿਸ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ।

ਹਰਨਾਮ ਸਿੰਘ ਜੀ ਨੇ "ਗੁਰੂ ਨਾਨਕ ਜੀ ਦੀ ਉਸਤਤ" ਪੁਸਤਕ ਪਹਿਲੋਂ ਛਪਵਾਈ ਸੀ। ਜਿਸ ਵਿਚੋਂ "ਮੈਂ ਉਸ ਧਰਤੀ ਤੋਂ ਵਾਰੀ ਪਿਆਰਿਆ, ਜਿਥੇ ਗੁਰੂ ਨਾਨਕ ਅਵਤਾਰ ਧਾਰਿਆ" ਆਦਿ ਸਰਲ ਛੰਦ ਆਮ ਲੋਕ ਉਹਨਾਂ ਦੇ ਪੜ੍ਹਦੇ ਸੀ। ਇਸ ਹੋਲੇ ਤੇ ਵੀ ਉਹ 'ਪ੍ਰੀਤਮ ਪਿਆਰੀ ਸਮਾਧ' ਪੁਸਤਕ ਜੋ ਆਰਫੀ ਤੇ ਇਸ਼ਕੀ ਬੋਲਾਂ ਤੇ ਰਮਜ਼ਾਂ ਦਾ ਸੰਗ੍ਰਹਿ ਸੀ ਤੇ 'ਅਖੀਆਂ' ਪੁਸਤਕ ਵੀ ਲਿਆਏ ਤੇ ਲੋਕਾਂ ਨੂੰ ਸੁਣਾਉਂਦੇ ਸੀ। ਅਖੀਆਂ ਦੇ ਲੰਮੇ ਸ਼ੇਅਰ ਤੇ ਸੁਥਰੇ ਬਹਿਰ ਦੀ ਮੈਂ ਸਿਫਤ ਕੀਤੀ ਤਾਂ ਉਹਨਾਂ ਕਿਹਾ ਕਵਿਤਾ ਵਿਚ ਦਸਮ ਜੀ ਦੀ ਕਵਿਤਾ ਵਾਂਗੂ ਸਿਫਤ ਹੋਣੀ ਚਾਹੀਦਾ ਹੈ ਕਿ ਉਕਾ ਅਟਕ ਨਾ ਹੋਵੇ। ਜਿਵੇਂ ਉਚੇ ਥਾਉਂ ਤਲੇ ਨੂੰ ਖਿਦੂ ਰਿੜ੍ਹਦੇ ਨੂੰ ਨਹੀਂ ਹੁੰਦੀ ਤੇ ਉਨ੍ਹਾਂ ਦਸਮ ਜੀ ਦਾ ਸਵੱਯਾ :

'ਰੋਗਨ ਤੇ ਅਰੁ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤ ਬਚਾਵੈ' ਸੁਣਾਇਆ ਵੀ। ਉਹਨਾਂ ਦੀ ਛਪਵਾਈ ਪੁਸਤਕ 'ਅੱਖੀਆਂ' ਪੜ੍ਹਣ ਪਾਰੋਂ ਤੇ ਪ੍ਰਭਾਵਿਤ ਹੋ ਮੈਂ ਭੀ 'ਅਖੀਆਂ' ਦੀ ਇਸ ਪੁਸਤਕ ਦੀ ਰਚਨਾ ਕੀਤੀ। ਤੇ ਫੇਰ 'ਪ੍ਰੇਮ ਅੱਖਰ' ਪੁਸਤਕ ਲਿਖੀ। 'ਇਛਾ ਪੂਰਕ' ਤੇ 'ਸਾਫ ਪਾਣੀ' ਭੀ ਮੈਂ ਪਾਕਿਸਤਾਨ ਬਣਨ ਤੋਂ ਪਹਿਲਾਂ ਲਿਖੇ। ਸਤਿਜੁਗ ਦੇ ਬਸੰਤ ਨੰਬਰਾਂ ਦੇ ਸੰਤਾਂ ਦੇ ਜੀਵਨ ਤੇ ਮਾਤਾ ਜੀਵਨ ਕੌਰ ਜੀ ਤੇ ਮਾਤਾ ਭੂਪਿੰਦਰ ਕੌਰ ਜੀ ਦੇ ਜੀਵਨ ਤੋਂ ਬਾਅਦ ਬਾਕੀ ਦੇ ਪੁਸਤਕ ਜੋ ਮੇਰੇ ਛੱਪ ਚੁਕੇ ਹਨ, 'ਪੰਜ ਨਿਰਣੇ' 'ਸਚਹੁ ਓਰੈ ਸਭ ਕੋ' ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਅਦ ਦਾ ਜੀਵਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ 'ਜੱਸ ਜੀਵਨ' ਤੇ ਨਦੇੜੋਂ ਬਾਅਦ 'ਦਸਮ ਗੁਰ ਦਰਸ਼ਨ' ਸ੍ਰੀ ਰਾਮਪੁਰ ਜ਼ਿਲਾ ਹਿਸਾਰ ਵਿਚ ਆ ਕੇ ਲਿਖੇ।

'ਦੇਹ ਰਹਿੰਦੀ ਹੈ ਢਿੱਲੀ।
ਗੁਰੂ ਜੋ ਕਿਰਪਾ ਕੀਤੀ।
ਲਿਖਾਂ ਪੁਸਤਕ ਵੀਚਾਰ,
ਜਿਵੇਂ ਦੀ ਸਾਢੇ ਬੀਤੀ।

੧੯ ਵੈਸਾਖ ੨੦੨੭ ਬਿਕ੍ਰਮੀ
ਸ਼ੁਕਰਵਾਰ ੧-੫-੧੯੭੦

* 'ਅੱਖੀਆਂ'

Sri Satguru Jagjit Singh Ji Elibrary NamdhariElibrary@gmail.com

ਸਾਡੇ ਬਾਪੂ ਜੀ

—ਸਾਧੂ ਸਿੰਘ ਕਿਸਾਨ

ਸਾਧੂ ਸਿੰਘ ਕਿਸਾਨ ਸੰਤ ਤਰਨ ਸਿੰਘ ਦਾ ਸਪੁਤਰ ਹੈ ਅਤੇ ਸਾਹਿਤਕ ਵਾਰਸ ਵੀ। ਭਾਵੇਂ ਲਿਖਦਾ ਨਹੀਂ ਪਰ ਅਧਿਐਨ ਏਨਾਂ ਹੈ ਕਿ ਜੋ ਵੀ ਲਿਖੇ ਹੈ ਉਸ ਵਿਚੋਂ ਇਕ ਪ੍ਰੋੜ ਕਲਾਕਾਰ ਦੀ ਆਤਮਾ ਝਲਕਦੀ ਹੈ। ਵਹਿਮੀ ਸਪੁਤਰ ਆਪਣੇ ਸੁਰਗਵਾਸੀ ਪਿਤਾ ਦੀ ਰੀਝ ਪੂਰੀ ਕਰਨ ਵਾਸਤੇ ਉਹਨਾਂ ਦੀਆਂ ਅਣਛਪੀਆਂ ਕ੍ਰਿਤਾਂ ਨੂੰ ਪੁਸਤਕਾਂ ਦਾ ਰੂਪ ਦੇ ਰਹੇ ਹਨ। —ਸੰਪਾਦਕ

ਜਦੋਂ ਕਿਸੇ ਆਮ ਆਦਮੀ ਦਾ ਸ਼ਬਦ-ਚਿਤ੍ਰ ਤਿਆਰ ਕਰਨਾ ਹੋਵੇ ਤਾਂ ਮੋਟੇ ਤੌਰ ਤੇ ਉਹਦਾ ਨੈਣ ਨਕਸ਼ਾ ਦਸ ਕੇ, ਅਗੋਂ ਸੁਭਾਅ ਤੇ ਕੁਝ ਗੁਣ ਔਗਣ ਗਿਣਿਆਂ ਕੰਮ ਸਰ ਹੀ ਜਾਂਦੈ। ਪਰ ਜਦੋਂ ਕਿਸੇ ਭਖਵੀਂ ਜ਼ਿੰਦਗੀ ਜਿਉ ਚੁੱਕੇ ਉਤਕਾਂ ਦੀ ਲਗਨ ਵਾਲੇ ਕਲਾਕਾਰ ਦਾ ਸ਼ਬਦ ਚਿਤਰ ਸਿਰਜਨਾਂ ਹੋਵੇ, ਤਾਂ ਸਿਰਜਿਕ ਜਿਨਾਂ ਚਿਰ ਉਹਦੇ ਰੂਪ ਨੂੰ ਮਨ ਵਿਚ ਮਾਨਣਾ ਵਰਗਾ ਸਾਕਾਰ ਕਰਕੇ ਤੇ ਉਹਦੀ ਜ਼ਿੰਦਗੀ ਵਿਚ ਆਏ ਦੁੱਖ ਸੁੱਖ ਦੇ ਪਲਾਂ ਨੂੰ ਆਪ ਜਿਉਣ ਵਰਗਾ ਅਹਿਸਾਸ ਪੈਦਾ ਨਹੀਂ ਕਰ ਲੈਂਦਾ, ਉਨਾ ਚਿਰ ਉਹਦੇ ਨਾਲ ਪੂਰਾ ਇਨਸਾਫ ਨਹੀਂ ਕਰ ਸਕਦਾ।

ਜਿਸ ਵਕਤ ਜਗਦੀਸ਼ ਵਰਿਆਮ ਨੇ (ਸ੍ਰੀ ਜਗਦੀਸ਼ ਸਿੰਘ ਜੀ, ਸੰਪਾਦਕ ਵਰਿਆਮ ਨੂੰ 'ਵਰਿਆਮ, ਵਰਗਾ ਮਾਸਕ ਪੱਤਰ ਲਗਾਤਾਰ ਜਾਰੀ ਰੱਖਣ ਕਰਕੇ, ਮੈਂ ਆਮ ਤੌਰ ਤੇ ਇਸੇ ਨਾ ਨਾਲ ਬੁਲਾਂਦਾ ਹਾਂ) ਮੇਰੇ ਪਿਤਾ ਸ੍ਰੀ ਵਹਿਮੀ ਜੀ ਦਾ ਸ਼ਬਦ ਚਿਤਰ, ਲਿਖਣ ਵਾਸਤੇ ਨਾਦਰਸ਼ਾਹੀ ਹੁਕਮ ਫੁਰਮਾਇਆ ਤਾਂ ਉਸ ਵੇਲੇ ਭਾਵੇਂ ਮੈਂ ਉਹਨਾਂ ਦੀ ਬਣ ਫੱਬ ਤੇ ਕਹਿਣ ਢੰਗ ਦੇ ਰੁਹਬ ਹੇਠ ਆ ਕੇ ਹਾਂ ਕਰ ਦਿਤੀ। ਪਰ ਜਦੋਂ ਉਸ ਹਾਂ ਨੂੰ ਅਮਲੀ ਸ਼ਕਲ ਦੇਣ ਦਾ ਸਮਾ ਆਇਆ ਤਾਂ ਮੇਰੇ ਰੌਂਗਟੇ ਖੜੇ ਹੋ ਗਏ। ਮੇਰੀ ਹਾਲਤ ਉਸ ਅਣਤਾਰੂ ਵਰਗੀ ਹੋ ਗਈ, ਜੇਹੜਾ ਗੋਡੇ ਗੋਡੇ ਪਾਣੀ ਵਿਚੋਂ ਵੀ ਨਾ ਲੰਘ ਸਕਦਾ ਹੋਵੇ, ਪਰ ਲੰਘਣੀ ਪੈ ਜਾਏ ਅਥਰੀ ਤੇ ਡੂੰਘੀ ਚੋੜੀ ਨਦੀ। ਫੇਰ ਵੀ ਮੈਂ ਜਤਨ ਕੀਤਾ ਹੈ ਕਿ ਖੁਲੇ ਡੁਲੇ ਸ਼ਬਦਾਂ ਵਿਚ ਉਹਨਾਂ ਦੀ ਯਾਦ ਨੂੰ ਸਾਕਾਰ ਕਰਾਂ।

ਵਹਿਮੀ ਜੀ, ਦਰਮਿਆਨੇ ਕਦ ਤੇ ਚੰਗੀ ਵਧੀਆ ਸੇਹਤ ਦੇ ਮਾਲਕ ਸਨ। ਮੇਰੀ ਸੁਰ੍ਹ ਸੰਭਾਲ ਵੇਲੇ, ਜਦੋਂ ਕਿਸੇ ਕਹਿੰਦੇ ਕਹਾਉਂਦੇ ਜਵਾਨ ਦੀ ਵੀਣੀ ਫੜ ਲੈਂਦੇ, ਤਾਂ ਅਗਲਾ ਸਿਰਫ ਸਟਪਟਾ ਹੀ ਸਕਦਾ। ਭਾਰੇ ਭਾਰੇ ਸੁਹਾਗੇ ਦਾ ਇਕ ਸਿਰਾ ਮੋਢੇ ਧਰ ਕੇ, ਅਗੋਂ ਇਕੋ ਬਾਂਹ ਨਾਲ ਖੜਾ ਕਰਨ ਵਿਚ ਵੀ ਉਹਨਾਂ ਦਾ ਕੋਈ ਸਾਨੀ ਨਹੀਂ ਸੀ, ਤੇ ਜੇ ਕਦੀ ਜੱਟਪੁਣੇ ਦੀ ਲਾਜ ਰੱਖਣ ਵਾਸਤੇ, ਮਜਬੂਰਨ ਖੂੰਡਾ ਵੀ ਫੜਨਾ ਪੈ ਗਿਆ, ਤਾਂ ਜਿੱਤ ਨੇ ਹਮੇਸ਼ਾਂ ਹੀ ਸਾਥ ਦਿਤਾ।

ਸਿੱਖ ਰਾਜ ਵੇਲੇ ਤੋਂ ਵੱਡਿਆਂ ਦੀ ਬਣਾਈ ਬਹੁਤੀ ਮਾਲਕੀ, ਤੇ ਪੰਜਵੀਂ ਪੀੜੀ ਤੋਂ ਇਕਲਾਪਾ ਹੰਡਾਣ ਕਰਕੇ ਆਲੇ ਦੁਆਲੇ ਤੋਂ ਮੁਸ਼ਕਲਾਂ ਦੇ ਘੇਰੇ ਨੇੜੇ ਨੇੜੇ ਈ ਰਹਿੰਦੇ

ਥੋੜ ਜ਼ਮੀਨੇ ਸ਼ਰੀਕਾਂ ਨੂੰ ਜ਼ਮੀਨ ਵਾਹੁਣ ਲਈ ਨ ਦੇਣੀ ਤਾਂ ਉਹਨਾਂ ਔਖੇ ਰਹਿਣਾ, ਤੇ ਜੇ ਦੇ ਕੇ, ਹਿਸਾ ਠੇਕ ਪੂਰਾ ਨਾ ਮਿਲਣ ਤੋਂ ਕਿਸੇ ਦੂਜੇ ਨੂੰ ਵਹਾਣ ਬਾਰੇ ਤਿਆ ਹੋਣਾ, ਤਾਂ ਪਹਿਲਿਆਂ ਜਾਨ ਦੇ ਵੈਰੀ ਬਣ ਜਾਣਾ। ਇਨ ਭਖਵੀ ਕਸ਼-ਮਕਸ਼ ਚੋਂ, ਉਹਨਾਂ ਦੇ ਕਲਾਕਾਰ ਮਨ ਨੇ ਆਪਣੀ ਜੱਟ ਕੌਂ। ਬਾਰੇ ਏਡੇ ਅਨੂਠੇ ਤੇ ਨਿਧੜਕ ਸ਼ੇਅਰ ਆਖੇ ਜਿਹਨਾਂ ਦੀ ਤੁਲਨਾਂ ਸ਼ਾਇਦ "ਵਾਰਸ" ਦੀਆਂ ਜੱਟਾਂ ਬਾ ਕੁਝ ਸਤਰਾਂ ਈ ਕਰ ਸਕਦੀਆਂ ਹੋਣ, ਜਿਵੇਂ ਕਿ —

ਮਤਲਬ ਵਾਸਤੇ ਜੱਟ ਬਣ ਜਾਏ ਮਿੱਤਰ,
ਗੱਲਾਂ ਜਰੇ ਉਹ ਜੇਹੜੀਆਂ ਜਰੇ ਕੋਈ ਨਾ।
ਵੇਲਾ ਕਢ ਲੈਂਦਾ ਆਖ ਪਿਉ ਚਾਚਾ,
ਵਾਰੀ ਆਪਣੀ ਜੀ ਤੇ ਧਰੇ ਕੋਈ ਨਾ।
ਸੱਟ ਮਾਰਨੋਂ ਜੱਟ ਨਹੀਂ ਘੱਟ ਕਰਦਾ,
ਕਿਸਮਤ ਆਪਣੀ ਨੂੰ ਭਾਵੇਂ ਮਰੇ ਕੋਈ ਨਾ।
ਤਰਨ ਸਿੰਘ ਤੋਂ ਕੋਈ ਜੇ ਪੁਛ ਵੇਖੇ,
ਨੇਕੀ ਜੱਟ ਦੀ ਜਾਤ ਤੇ ਕਰੇ ਕੋਈ ਨਾ।

ਮੈਨੂੰ ਅਜੇ ਵੀ ਬੜਾ ਸਾਫ਼ ਨਜ਼ਰ ਆ ਰਿਹੈ ਕਿ ਜਬੂ ਜਨੂੰਨ, ਮਿਹਨਤ, ਇਨਾਇਤ, ਦੀਆਂ ਪਰਤੀਕ, ਚਾਰ ਰੇਖਾ ਵਾਲਾ ਬਾਪੂ ਜੀ ਦਾ ਉਚਾ ਤੇ ਵਿਸ਼ਾਲ ਮਸਤਕ, ਉਤੇ ਗੋ

Sri Satguru Jagjit Singh Ji Elibrary NamdhariElibrary@gmail.com

ਪੋਲੀ ਪੋਲੀ ਸੁਤੇ ਸਿਧ ਸਜਾਈ ਹੋਈ ਚਿਟੀ ਖੱਦਰ ਦੀ ਦਸਤਾਰ, ਰੋਹਬ ਤੇ ਸਨੇਹ ਦੇ ਮਿਲੇ ਜੁਲੇ ਪ੍ਰਭਾਵ ਵਾਲੀਆਂ, ਮੋਟੀਆਂ ਸੋਹਣੀਆਂ ਪ੍ਰੇਮ ਭਰੀਆਂ ਅੱਖੀਆਂ ਦੇ ਵਿਚਕਾਰ ਮਰਦਾਵੀਂ ਅਣਖ ਦਾ ਸਾਕਾਰ ਰੂਪ ਉੱਚਾ ਫਬਵਾਂ ਨੱਕ, ਜ਼ਿੰਦਗੀ ਨੂੰ ਡੀਕਣ ਦੀ ਲੋਚਾ ਨਾਲ ਫਰਕਦੇ ਭਰੇ ਪੂਰੇ ਹੋਂਠ, ਸ਼ੁਕੀਨੀ ਦੀ ਪਧਰ ਤੋਂ ਰਤਾ ਘੱਟ ਸੰਭਾਲੇ ਹੋਏ ਮੁਛੈਹਿਰੇ ਦਰਮਿਆਨਾ ਲੰਬਾਂਈ ਦਾ ਸੰਘਣਾ ਦਾੜ੍ਹਾ, ਉਚੇ ਮੋਢਿਆਂ ਤੇ ਤਾਕਤ ਵਰ ਡੋਲਿਆਂ ਵਿਚਕਾਰ ਸ਼ਹਿ ਜ਼ੋਰ ਚੌੜੀ ਛਾਤੀ ਅਣਗੋਗੜਾ ਕਸਵਾਂ ਪੇਟ, ਸਾਦੇ ਸੁਫੈਦ ਖੱਦਰ ਦੇ ਤਗੀਜਾਂ ਵਾਲੇ ਕੁੜਤੇ ਹੇਠ ਕੂਕਾ ਕਾਟ ਦੇ ਅਰੇਬ ਪਜਾਮੇ ਵਿਚ ਫਸਵੇਂ ਫਬਵੇਂ ਪੱਟ ਪਿਨੀਆਂ। ਜਸਵੰਤ ਚਿਤਰਕਾਰ ਦੀ ਬਣਾਈ ਅੱਧੇ ਪੱਟ ਵਾਲੀ ਗੁਰੂ ਨਾਨਕ ਦੇਵ ਜੀ ਦੀ 'ਮੁਸਾਫਰ ਲੱਤ, ਵੇਖ ਕੇ ਮੈਨੂੰ ਇੰਜ ਲਗਿਆ, ਜਿਵੇਂ ਉਹਨੇ ਕਿਤੇ ਬਾਪੂ ਜੀ ਨੂੰ ਇਸ਼ਨਾਨ ਕਰਦਿਆਂ ਵੇਖ ਲਿਆ ਹੋਵੇ।

ਸਾਡੇ ਦਾਦੀ ਜੀਣਾ ਜੀ (ਜੀਉਣ ਕੌਰ) ਦਸਦੇ ਕਿ "ਤਰਨ ਸਿੰਘ ਦਾ ਪਹਿਲਾਂ ਵਿਆਹ ੧੫ ਸਾਲ ਦੀ ਉਮਰੇ, ੧੯ ਸਾਲ ਦੀ ਉੱਚੀ ਲੰਮੀ ਬਲਵੰਤ ਕੌਰ ਨਾਲ, ਦੜਪ ਇਲਾਕੇ ਦੇ ਪਿੰਡ ਦਾਤੇਵਾਲ ਭਿੰਡਰ, ਜ਼ਿਲ੍ਹਾਂ ਸਿਆਲਕੋਟ ਹੋਇਆ। ਜਿਨਾਂ ਦੀਆਂ ਚਾਰ ਧੀਆਂ ਚੋਂ ਦੋ ਹੀ ਜ਼ਿੰਦਗੀ ਮਾਣ ਰਹੀਆਂ ਨੇ। ਦੂਜਰਾ ਵਿਆਹ ੨੫ - ੨੬ ਸਾਲ 'ਚ ਕੁਲ ਬਾਜਵਿਆਂ ਦੀ ਸਿਆਣੀ ਸੁਨੱਖੀ ਕਰਤਾਰ ਕੌਰ ਨਾਲ ਕੀਤਾ, ਜਿਹਦਾ ਮਿੱਠਾ ਪਿਆਰਾ ਦੁੱਧ, ਚਾਰ ਭਰਾਵਾਂ ਤੇ ਇਕ ਭੈਣ ਚੋਂ ਸਿਰਫ ਤੁਸੀਂ ਦੋਵੇਂ (ਸਾਧੂ ਸਿੰਘ ਬਲੀ ਸਿੰਘ) ਈ ਰਜਵਾਂ ਪੀ ਸਕੇ।"

ਤੇ ਤੀਜੀ ਵਾਰੀ ਏਸੇ ਪਿੰਡੋਂ ਆਪਣੇ ਬਾਪੂ ਜੀ ਨੂੰ, ਮੈਂ ਤੇ ਬਲੀ ਸਿੰਘ ਨੇ ਨਾਲ ਜੰਞੇ ਜਾ ਕੇ, ਬਰਾਦਰੀ ਜੋਂ ਮਾਸੀ ਲਗਦੀ ਸੁਖਬੀਰ ਕੌਰ ਨਾਲ, ਬੜੀ ਸਜ ਧਜ ਨਾਲ ਵਿਆਹ ਕੇ ਲਿਆਂਦਾ। ਅੱਜ ਅਸੀਂ ਚਾਰ ਭਰਾ ਤੇ ਪੰਜ ਭੈਣਾਂ ਦੁਨੀਆਂ ਦੇ ਦੁਖਾਂ ਸੁਖਾਂ ਨਾਲ ਸਫਲ ਸਾਂਝਾਂ ਪਾਈ ਬੈਠੇ ਹਾਂ।

ਭਾਵੇਂ ਵਹਿਮੀ ਜੀ ਨੇ ਕਈ ਪੀੜ੍ਹੀਆਂ ਦਾ ਮਨੁਖੀ ਇਕਲਾਪਾ ਕਟਣ ਵਾਸਤੇ ਤਿੰਨ ਵਿਆਹ ਕੀਤੇ, ਪਰ ਉਹਨਾਂ ਦੀ ਕਲਮੀ ਉਲਾਦ ਗਿਣਤੀ ਦੇ ਪਖੋਂ ਸਾਡੇ ਨਾਲੋਂ ਫੇਰ ਵੀ ਬਾਜ਼ੀ ਲੈ ਗਈ। ਇੱਕ ਲੱਖ ਤੋਂ ਵਧ ਲਾਗਤ ਪਲਿਓਂ ਲ਼ਾਕੇ, ੧੪ - ੧੫ ਪੁਸਤਕਾਂ ਨਾਮਧਾਰੀ ਇਤਿਹਾਸ ਪ੍ਰਚਾਰ ਦੀਆਂ ਛਪਵਾਈਆਂ, ਕਰੀਬ ਤੀਜਾ ਹਿੱਸਾ ਜਸ ਜੀਵਨ ਦਾ ਤੇ ਤਿੰਨ ਚਾਰ ਹੋਰ ਪੁਸਤਕਾਂ ਦੇ ਖਰੜੇ, ਅਜੇ ਸਾਡੇ ਤੋਂ ਪੈਸੇ ਤੇ ਵਕਤ ਦੀ ਚੋਖੀ ਮੰਗ ਕਰਦੇ, ਇੰਤਜ਼ਾਰ 'ਚ ਪਏ ਹਨ।

ਬਚਪਨ ਵਿਚ ਵਹਿਮੀ ਨਾਮ ਬਾਰੇ ਜਦੋਂ ਮੈਂ ਦਾਦੀ ਜੀ ਤੋਂ ਪੁਛਿਆ, ਤਾਂ ਕਹਿਣ ਲਗੇ, ਤਰਨ ਸਿੰਘ ਨਿਕੇ ਹੁੰਦਿਆ ਈ ਹਰ ਗੱਲ ਦੀ ਬੜੀ ਨਿੰਨੋ ਲੈਂਦਾ, ਮੇਰੇ ਮੂੰਹੋ ਸਹਿ ਸੁਭਾ ਨਿਕਲਦਾ, 'ਤੂੰ ਕਿਡਾ ਵਹਿਮੀ ਏਂ'। ਜਿਹੜਾ ਹੋਲੀ ਹੋਲੀ ਏਡਾ ਮਸ਼ਹੂਰ ਹੋ ਗਿਆ। ਇਸ ਵਹਿਮੀ ਨਾਮ ਬਾਰੇ ਵੇਖੋ ਵਹਿਮੀ ਜੀ ਦੀ ਆਪਣੀ ਦਲੀਲ :

ਅੱਵਲ ਸੀ ਅੱਲਾ ਕੱਲਾ ਚੰਗਾ ਭਲਾ ਸੁਖੀ,
ਉਸ ਚਾ ਆਏ ਵਹਿਮ ਪਏ ਰਚਨਾ ਰਚਾਈ ਚਾ
ਸਜ਼ਾ ਮਿਲੀ ਜੰਨਤੋਂ, ਗਿਰਾਏ ਗਏ, ਵਹਿਮ ਪਏ·
ਅੰਮਾ ਹਵਾ ਆਦਮ ਨੂੰ ਗੰਧਮ ਖਵਾਈ ਚਾ

ਤੇ ਆਪਣੇ ਨਿਜੀ ਵਹਿਮ ਦਾ ਖੁਲਾਸਾ ਇੰਜ ਪੇਸ਼ ਕਰਦੇ ਨੇ :

ਕਿਸੇ ਨੂੰ ਹੈ ਵਹਿਮ ਕਾਰੋਬਾਰ ਨਾਰ ਪੁਤਰਾਂ ਦਾ,
ਕਿਸੇ ਨੂੰ ਹੈ ਵਹਿਮ ਚੋਰ ਇਜ਼ਤ ਕਿਆਸ ਦਾ।
ਕਿਸੇ ਨੂੰ ਹੈ ਵਹਿਮ ਵਾਧੂ ਗੱਲਾਂ ਸੁਣ ਕਰਨਾਂ ਹੀ
ਕਿਸੇ ਨੂੰ ਹੈ ਵਹਿਮ ਮੈਥੋਂ ਵਧ ਜਾਏ ਨਾ ਪਾਸ ਦਾ
ਕਿਸੇ ਨੂੰ ਹੈ ਵਹਿਮ ਮੇਰੀ ਮਾਇਆ ਪਾਇਆਂ ਹੋਰ ਹੋਵੇ,
ਕਿਸੇ ਨੂੰ ਹੈ ਵਹਿਮ ਖਾਣ ਖੋਡਣ ਲਿਬਾਸ ਦਾ
ਇਕ ਇਕ ਵਹਿਮ ਵਿਚ ਰੁਝੀ ਸਾਰੀ ਦੁਨੀਆਂ ਜਿਉਂ
ਵਹਿਮੀ ਨੂੰ ਹੈ ਵਹਿਮ ਨਾਮਧਾਰੀ ਇਤਹਾਸ ਦਾ

ਇਸ ਵਹਿਮੀ ਨਾਮ ਤੇ, ਵਹਿਮੀ ਜੀ ਨੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ, ਮੁਹਰ ਕਿੰਜ ਲਗਵਾਈ, ਵਹਿਮੀ ਜੀ ਦੇ ਹੀ ਸ਼ਬਦਾਂ ਵਿਚ :

ਇਕ ਸਮੇਂ ਕਿਹਾ ਕਿਸੇ ਗੁਰੂ ਨੂੰ ਭੀ ਮਿਲਕੇ ਕਿਉਂ
ਹਟਿਆ ਨਹੀਂ ਵਹਿਮ, ਹੈ ਤੂੰ ਕੈਦੀ ਵਹਿਮ ਵਾਸ ਦਾ
ਗੁਰੂ ਜੀ ਨੂੰ ਦਸਿਆ ਮੈਂ, ਮੈਨੂੰ ਕਿਸੇ ਦੱਸਿਆ ਏ
ਰਖੋ ਇਹ ਬਦਲ, ਨਾਮ ਆਪ ਦੀ ਕਿਆਸ ਦਾ,
ਕਿਹਾ ਉਹਨਾਂ, ਮੈ ਤੇ ਕਹਿਨਾਂ, ਵਹਿਮ ਐਸਾ ਨਿਤ ਵਧੇ
ਕਦੇ ਭੀ ਨਾ ਘਟੇ ਵਹਿਮ ਤੇਰਾ ਗੁਣ ਗ੍ਰਾਸ ਦਾ
ਫੇਰ ਆਖਾਂ ਤੇਰੇ ਜਿਹੇ ਹੋਰ ਹੋਣ ਵਿਦਵਾਨ
ਵਹਿਮੀ ਕੰਮ ਕਰਨ ਨਾਮਧਾਰੀ ਇਤਹਾਸ ਦਾ।

Sri Satguru Jagjit Singh Ji Elibrary NamdhariElibrary@gmail.com

ਅਸੀਂ ਪਹਿਲੋਂ ਵਹਿਮੀ ਜੀ ਦੇ ਸਾਰੇ ਬਚੇ ਬਚੀਆਂ ਭਾਈਆ ਜੀ ਕਹਿ ਕੇ ਬੁਲਾਇਆ ਕਰਦੇ ਸਾਂ। ਇਕ ਵਾਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਨੇ ਬਾਪੂ ਜੀ ਆਖਣ ਲਾ ਦਿਤਾ।

ਸੁਣੋ! ਕਿਵੇਂ ਵਹਿਮੀ ਜੀ ਨੂੰ ਆਪਣੇ ਸਤਿਗੁਰ ਦੇ ਬਚਨਾਂ ਦਾ ਆਦਰ ਪਿਆਰ ਤੇ ਸ਼ਰਧਾ ਸੀ।

ਸਾਡੀ ਪਹਿਲੀ ਮਾਤਾ ਦੀ ਕੁਖੋਂ ਜਦੋਂ ਕੋਈ ਪੁਤਰ ਰੂਪੀ ਫੁਲ ਨਾ ਖਿੜਿਆ, ਤਾਂ ਕੁਝ ਸਜਣਾਂ ਸਬੰਧੀਆਂ ਨੇ ਬੜੇ ਜ਼ੋਰ ਨਾਲ ਦੂਜੇ ਵਿਆਹ ਦਾ ਢੰਗ ਬਣਾਇਆ। ਜ਼ੋਰ ਨਾਲ ਇਸ ਕਰਕੇ ਕਿ ਸਾਡੇ ਬੇਬੇ ਜੀ ਪਹਿਲੋਂ ਕਿਸੇ ਹੋਰ ਅਖੜਖਾਨ ਨਾਲ ਮੰਗੇ ਹੋਏ ਸਨ। ਉਸਦੇ ਸ਼ਰਾਬੀ ਕਬਾਬੀ ਹੋਣ ਦਾ ਪਤਾ ਲਗਣ ਤੇ ਸਾਡੇ ਨਾਨਾ ਜੀ ਵਿਆਹ ਦੇਣ ਤੋਂ ਘਬਰਾ ਰਹੇ ਸਨ, ਤੇ ਉਹ ਜ਼ੋਰੀ ਆਪਣੀ ਮੰਗ ਵਿਆਹੁਣੀ ਚਾਹੁੰਦਾ ਸੀ। ਤੇ ਚੁਕ ਲੈਜਾਣ ਦੇ ਡਰਾਵੇ ਵੀ ਦੇ ਰਿਹਾ ਸੀ। ਸਾਡੇ ਨਾਨਾ ਜੀ ਉਸ ਤੋਂ ਵਧ ਧੜਲੇਦਾਰ ਜਵਾਈ ਦੀ ਭਾਲ ਕਰ ਰਹੇ ਸਨ ਤਾਂ ਕਿ ਪਹਿਲੇ ਅੜਬ ਤੋਂ ਬੇਖੌਫ ਹੋਇਆ ਜਾ ਸਕੇ। ਉਨਾਂ ਦੇ ਤੇ ਬਾਪੂ ਜੀ ਦੇ ਇਕ ਸਾਂਝੇ ਜਾਣੂ ਨੇ ਉਹਨਾਂ ਦੀ ਇਹ ਮੁਸ਼ਕਲ ਤੇ ਸਾਡੇ ਬੇਬੇ ਜੀ ਦੇ ਗੁਣ ਰੂਪ ਦਾ ਨਕਸ਼ਾ ਵਹਿਮੀ ਜੀ ਸਾਹਵੇਂ ਕੁਝ ਏਸ ਢੰਗ ਨਾਲ ਰਖਿਆ ਕਿ ਬਾਪੂ ਜੀ ਨੇ ਹਾਂ ਕਹਿ ਦਿਤੀ, ਪਰ ਅਗੋਂ ਸਿਲਸਿਲਾ ਚਲ ਪਿਆ ਰੋਕਣ ਤੇ ਨਾਂ ਰੁਕਣ ਦੇਣ ਦਾ। ਬੜੇ ਜ਼ੋਰ ਲਗੇ। ਅਖੀਰ ਫੈਸਲਾ ਕੁਲ ਬਾਜਵੇ ਢੁੱਕਣ ਦਾ ਹੋ ਗਿਆ। ਲਾਗੀ ਭਰ ਕੇ ਜੰਞ ਗਈ। ਜਿਹਦੇ ਵਿਚ ਬਹੁਤੇ ਜਾਂਞੀ ਕਹਿੰਦੇ ਕਹਾਉਂਦੇ ਹੀ ਗਏ। ਉਸ ਜ਼ਮਾਨੇ ਵੀ ੧੨-੧੫ ਬੰਦੂਕ ਧਾਰੀ ਗਏ ਜਦੋਂ ਲਸੰਸ ਕਿਸੇ ਵਿਰਲੇ ਕੋਲ ਹੁੰਦਾ ਸੀ। ਤੇ ਇਸ ਸਾਰੇ ਕੰਮ ਵਿਚ ਬਹੁਤ ਜ਼ਿਆਦਾ ਇਮਦਾਦ ਇਕ ਮੰਨੇ ਪਰ ਮੰਨੇ ਦੰਨੇ ਸਰਕਾਰੀ ਪਹੁੰਚ ਵਾਲੇ ਭਾਈ ਪ੍ਰਤਾਪ ਸਿਘ ਨੇ ਕੀਤੀ।

ਕਈ ਸਾਲਾਂ ਬਾਦ ਇਲੈਕਸ਼ਨ ਆਏ, ਸਾਰੇ ਨਾਮ-ਧਾਰੀਆਂ ਨੂੰ ਅੰਗਰੇਜ਼ਾਂ ਦੇ ਖਿਲਾਫ, ਕਾਂਗਰਸ ਦੇ ਬੰਦਿਆ ਨੂੰ ਵੋਟਾਂ ਪਉਣ ਦਾ ਹੁਕਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਹੋਇਆ। ਉਨੀ ਦਿਨੀਂ ਹੀ ਬਾਪੂ ਜੀ ਤੇ ਇਕ ਲੜਾਈ ਚ' ਮੁਖਾਲਫ ਦੀ ਲੱਤ ਵੱਢੀ ਜਾਣ ਕਰਕੇ ੩੨੬ ਦਾ ਕੇਸ ਗੁਜਰਾਂ-ਵਾਲੇ ਸ਼ੈਸ਼ਨ ਕੋਰਟ ਵਿਚ ਚਲ ਰਿਹਾ ਸੀ। ਤਰੀਕੇ ਗਿਆਂ ਕਚੈਹਰੀ ਵਿਚ ਭਾਈ ਪ੍ਰਤਾਪ ਸਿੰਘ ਮਿਲ ਕੇ ਕਹਿਣ ਲਗਾ, ਤਰਨ ਸਿੰਘ! ਸੁਣਿਆ ਹੈ, ਤੁਸੀਂ ਕੂਕੇ ਅੰਗਰੇਜ਼ਾ ਦੇ ਖਿਲਾਫ, ਕਾਂਗਰਸੀਆਂ ਨੂੰ ਵੋਟਾਂ ਪਾ ਰਹੇ ਹੋ! ਬਾਪੂ ਜੀ ਨੇ ਕਿਹਾ,ਭਾਈ ਜੀ! ਇਕ ਤਾਂ ਅੰਗਰੇਜ਼ਾਂ ਧੋਖੇ ਨਾਲ ਸਾਡਾ ਰਾਜ ਖੋਹਿਆ ਹੋਇਆ ਦੂਸਰੇ ਇਹ ਬਿਲੇ ਜਦੋਂ ਦੇ ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਨੂੰ ਬਦੇਸ ਲੈ ਗਏ ਹੋਏ ਨੇ, ਅਸੀਂ ਨਾਮਧਾਰੀ ਏਹਨਾਂ ਦੇ ਜ਼ਾਤੀ ਤੇ ਜਮਾਤੀ ਵੀ ਦੁਸ਼ਮਣ ਹਾਂ। ਇਸ ਕਰਕੇ ਅਸਾਂ ਵੋਟ ਇਹਨਾ ਦੇ ਖਿਲਾਫ ਹੀ ਪਾਣੇ ਹੋਏ। ਭਾਈ ਪ੍ਰਤਾਪ ਸਿੰਘ ਨੇ ਕਿਹਾ, ਕਿ ਗੱਲਾਂ ਤੇਰੀਆਂ ਭਾਵੇਂ ਠੀਕ ਨੇ, ਪਰ ਹਕੂਮਤਾਂ ਦੇ ਉਲਟ ਚਲ ਕੇ ਕਦੇ ਕਿਸੇ ਸੁਖ ਨਹੀਂ ਪਾਇਆ। ਬਾਪੂ ਜੀ ਤੋਂ "ਸੁਖ ਦੁਖ ਤਾਂ ਭਾਈ ਜੀ ਅਕਾਲ ਪੁਰਖ ਦੇ ਅੱਟਲ ਨਿਯਮਾਂ ਅਨੁਸਾਰ ਹੀ ਚਲਦੇ ਰਹਿੰਦੇ ਨੇ" ਸੁਣਕੇ ਭਾਈ ਗੁਸੇ 'ਚ ਆ ਗਿਆ। ਕਈ ਕੌੜੀਆਂ ਫਿੜੀਆਂ ਕਰਦਿਆਂ ਆਖਿਉ ਸੂ. "ਤਰਨ ਸਿੰਘਾ! ਇਸ ੩੨੬ ਦੇ ਕੇਸ ਵਿਚ ਜੇ ਤੈਨੂੰ ਚੱਕੀ ਨਾ ਪਿਹਾਈ ਤਾਂ ਮੇਰਾ ਨਾਂ ਪ੍ਰਤਾਪ ਸਿੰਘ ਨਹੀਂ। ਤੇਰੇ ਗੁਰੂ ਦਾ ਨਾਂ ਵੀ ਪਰਤਾਪ ਸਿੰਘ ਏ ਉਹਨੂੰ ਆਖੀਂ ਛਡਾਣ ਵਾਸਤੇ ਜੋਰ ਲਾ ਲਵੇ, ਮੇਰੇ ਸਾਰੇ ਅਹਿਸਾਨ ਭੁਲਾ ਕੇ ਤੂੰ ਗੁਰੂ ਦੇ ਆਖੇ ਵੋਟ ਅੰਗਰੇਜ਼ਾਂ ਦੇ ਖਿਲਾਫ ਪਾ ਰਿਹੇ ਹੈਂ, ਮੈਂ ਤੈਨੂੰ ਵੇਖਾਂਗਾ।" ਕਹਿ ਕੇ ਭਾਈ ਤੁਰਨ ਲੱਗਾ, ਤਾਂ ਬਾਪੂ ਜੀ ਨੇ ਰੋਕ ਕੇ ਕਿਹਾ, "ਭਾਈ ਜੀ। ਇਹ ਤੇਰੇ ਅਹਿਸਾਨਾਂ ਦਾ ਬੋਝ ਈ ਏ, ਜਿਹਦੇ ਹੇਠ ਦਬਿਆ ਹੋਣ ਕਰਕੇ, ਮੈਂ ਤੇਰੀਆਂ ਇਹ ਗੱਲਾਂ ਸੁਣ ਕੇ ਜਰ ਗਿਆਂ। ਨਹੀਂ ਤੇ ਇਲਾਕਾ ਜਾਣਦਾ ਏ, ਜਿੰਨਾਂ ਕੁ ਦਰ ਗੁਜਰੂ ਮੈਂ ਵੀ ਹਾਂ, ਸਾਰੀ ਕਚਹਿਰੀ ਸੁਣਦੀ ਹੈ ਤੂੰ ਕੋਈ ਕਸਰ ਨਾ ਰੱਖੀਂ, ਪਰ ਹੋਵੰਗੀ ਉਹੋ, ਜੋ ਮੇਰਾ ਗੁਰੂ ਕਰੇਗਾ।

ਇਲਾਕੇ ਦੇ ਮਸ਼ਹੂਰ ਆਦਮੀਆਂ ਨੂੰ ਕਚਹਿਰੀ ਵਿਚ ਇੰਜ ਝਗੜਦਿਆਂ ਸੁਣ ਕੇ, ਬੜੇ ਲੋਕ ਇਕੱਠੇ ਹੋ ਗਏ ਸਨ, ਸੋ ਗਲ ਪੁਗਾਣ ਵਾਸਤੇ ਭਾਈ ਨੇ ਬੜਾ ਜੋਰ ਲਾਇਆ। ਥੋੜ੍ਹੇ ਦਿਨਾਂ ਨੂੰ ਫੈਸਲਾ ਹੋਇਆ। ਬਾਪੂ ਜੀ ਨੂੰ ੬ ਮਹੀਨੇ ਦੀ ਸਜ਼ਾ ਹੋ ਗਈ। ਜੇਲ੍ਹ ਦਾ ਵਾਤਾਵਰਨ ਵੇਖ ਕੇ ਬਾਪੂ ਜੀ ਨੇ ਅਰਦਾਸ ਕੀਤੀ, "ਸਚੇ ਪਾਤਸ਼ਾਹ! ਮੈਂ ਤੇ ਚੱਕੀ ਔਖੀ ਸੁਖਾਲੀ ਪੀਸ ਹੀ ਲਵਾਂਗਾ, ਪਰ ਤੇਰੇ ਨਾਂ ਦੀ ਵੀ ਲਾਜ ਏ, ਨਾਲੇ ਜੇ ਇਥੋਂ ਕਢੋਂ, ਇਹੋ ਛੇ ਮਹੀਨੇ ਮੈਂ ਤੇਰੇ ਲੰਗਰ ਦੀ ਸੇਵਾ ਸ੍ਰੀ ਭੈਣੀ ਸਾਹਿਬ ਜਾ ਕੇ ਕਰਾਂਗਾ।" ਉਧਰ ਭਾਈ ਪ੍ਰਤਾਪ ਸਿੰਘ ਜੇਲ ਦਰੋਗੇ ਨਾਲ ਮਿਲ ਕੇ, ਚੱਕੀ ਪਿਹਾਣ ਦੀਆਂ ਸਲਾਹਾਂ ਈ ਕਰ ਰਿਹਾ ਸੀ, ਕਿ ਬਾਪੂ ਜੀ ਦੇ ਸਾਥੀਆਂ ਦੀ ਭਜ ਨਠ ਨਾਲ ਲਹੌਰ ਹਾਈਕੋਰਟ ਵਿਚ ਅਪੀਲ ਮਨਜ਼ੂਰ ਹੋ ਕੇ ਤੀਜੇ ਦਿਨ ਜ਼ਮਾਨਤ ਹੋ ਗਈ ਤੇ ਦੋ ਚਾਰ ਮਹੀਨੇ ਬਾਦ ਕੇਸ ਵਿਚੋਂ ਬਰੀ ਵੀ ਹੋ ਗਏ।

ਮੰਨਤ ਮੰਨੀ ਮੁਜਬ ਬਾਪੂ ਜੀ ਸਾਨੂੰ ਦੋਹਾ ਭਰਾਵਾਂ ਸਾਧੂ ਸਿੰਘ ਬਲੀ ਸਿੰਘ) ਤੇ ਸਾਡੀ ਮਾਤਾ ਬੇਬੇ ਕਰਤਾਰ ਕੌਰ ਨੂੰ ਨਾਲ ਲੈ ਕੇ ਛੇ ਮਹੀਨਿਆ ਵਾਸਤੇ ਸ੍ਰੀ ਭੈਣੀ ਸਾਹਿਬ ਚਲੇ ਗਏ। ਉਥੇ ਬੇਬੇ ਜੀ ਨੇ ਲੰਗਰ ਆਦਿ ਵਿਚ ਦੀਵੇ ਜਗਾਣ ਤੇ ਹੋਰ ਕੁੜੀਆਂ ਇਸਤਰੀਆਂ ਨੂੰ ਕਪੜੇ ਸੀਉਣ ਦੀ ਜਾਚ ਦਸਣ ਦੀ ਜ਼ਿੰਮੇਵਾਰੀ ਸੰਭਾਲੀ, ਤੇ ਬਾਪੂ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨੇੜੇ ਰਹਿ ਕੇ ਲਿਖਣ ਪੜ੍ਹਣ ਦਾ ਨਿਜਮ ਬਣਾ ਲਿਆ। ਇਕ ਵਾਰੀ ਬਾਪੂ ਜੀ ਕਿਸੇ ਕੰਮ ਛੁਟੀ ਲੈ ਕੇ ਕੁਝ ਦਿਨਾਂ ਲਈ ਆਪਣੇ ਪਿੰਡ ਹਿੰਦੂ ਚਕ ਜ਼ਿਲਾ ਗੁਜਰਾਂ ਵਾਲਾ (ਹੁਣ ਪਾਕਿਸਤਾਨ ਚ) ਚਲੇ ਗਏ। ਉਹਨਾਂ ਪਿਛੋਂ ਇਕ ਦੋ ਵਾਰੀ ਸਤਿਗੁਰੂ ਜੀ ਨੇ ਸਾਨੂੰ ਦੋਹਾ ਭਰਾਵਾਂ ਨੂੰ ਪੁਛਿਆ ਕਿ ਤੁਹਾਡੇ ਬਾਪੂ ਜੀ ਕਿਉਂ ਨਹੀਂ ਆਏ ਅਜੇ? ਅਸਾਂ ਆਇਆਂ ਨੂੰ,ਦਸਿਆ ਕਿ' ਭਾਈਆ ਜੀ! ਸਤਿਗੁਰਾਂ ਪੁਛਿਆ ਸੀ, ਤੁਹਾਡੇ ਬਾਪੂ ਜੀ ਕਿਉ ਨਹੀਂ ਆਏ।" ਸੁਣਕੇ ਕਹਿਣ ਲਗੇ, ਬਸ! ਅਜ ਤੋਂ ਭਾਈਆ ਨਹੀਂ ਕਹਿਣਾ ਹੁਣ ਬਾਪੂ ਜੀ ਹੀ ਆਖਿਆ ਕਰੋ। ●

Sri Satguru Jagjit Singh Ji Elibrary NamdhariElibrary@gmail.com

ਵਹਿਮੀ ਜੀ ਦੀ ਕਵਿਤਾ ਦਾ ਨਮੂਨਾ

ਅਲਫ - ਅੱਖੀਆਂ ਦੀ ਗੱਲ ਛੇੜਦਾ ਮੈਂ, ਮਲ ਅਖੀਆਂ ਬੜੇ ਬਿਉਪਾਰ ਕੀਤੇ ।
ਕਈ ਤਾਰ ਦਿਤੇ ਕਈ ਮਾਰ ਦਿਤੇ, ਕਈ ਡੁਬ ਮੋਏ ਕਈ ਪਾਰ ਕੀਤੇ ।
ਕਈ ਮਸਤ ਮਸਤਾਨੀਆਂ ਦਾਨੀਆਂ ਨੇ, ਕਈ ਗੁਮਨਾਮੀਆਂ ਬਹੁਤ ਹੰਕਾਰ ਕੀਤੇ ।
ਕਿਨ੍ਹਾਂ ਵਿਚ ਪ੍ਰੇਮ ਬੇਨੇਮ ਹੋ ਕੇ, ਦਿਲ ਆਸ਼ਕਾਂ ਦੇ ਟੁਕੜੇ ਚਾਰ ਕੀਤੇ ।
ਹਰ ਹਾਲ ਦੇ ਵਿਚ ਦਲਾਲ ਹੋ ਕੇ, ਇਨ੍ਹਾਂ ਅਖੀਆਂ ਕੂਲ ਵਿਹਾਰ ਕੀਤੇ ।
ਕਿਤੇ ਪ੍ਰੇਮ ਲਾਇਆ ਕਿਤੇ ਫਾਹ ਪਾਇਆ, ਕਈ ਸੁਖੀ ਤੇ ਕਈ ਲਾਚਾਰ ਕੀਤੇ ।
ਇਨ੍ਹਾਂ ਅਖੀਆਂ ਕਿਤੇ ਪਿਆਰ ਪਾ ਕੇ, ਝੂਠ ਸੱਚ ਦੇ ਕਈ ਇਕਰਾਰ ਕੀਤੇ ।
ਇਕ ਅਖੀਆਂ ਲਾ ਨਿਭਾ ਗਏ ਨੇ, ਇਕ ਅਖੀਆਂ ਨੇ ਸ਼ਰਮਸਾਰ ਕੀਤੇ ।
ਇਕ ਅਖੀਆਂ ਦੇ ਫਟੇ ਪਾਉਣ ਰੱਟੇ, ਇਕ ਅਖੀਆਂ ਦੇ ਚੰਤੇਦਾਰ ਕੀਤੇ ।
ਇਕ ਅਖੀਆਂ ਇਹ ਮੌਲਾ ਰਖੀਆਂ ਨੇ, ਇਕ ਅਖੀਆਂ ਮੂੜ, ਗਵਾਰ ਕੀਤੇ ।
ਇਕ ਅਖੀਆਂ ਨੇ ਸ਼ਰਮ ਧਰਮ ਕਰਕੇ, ਉਪਰ ਗਊ ਗਰੀਬ ਉਪਕਾਰ ਕੀਤੇ ।
ਇਕ ਅਖੀਆਂ ਮਾਣ ਗੁਮਾਨ ਕਰਕੇ, ਉਤੇ ਆਜਜ਼ਾਂ ਦੇ ਸਖਤ ਵਾਰ ਕੀਤੇ ।
ਇਕ ਅਖੀਆਂ ਇਹ ਗੰਦ ਮੱਖੀਆਂ ਨੇ, ਇਕ ਅਖੀਆਂ ਸੈਲ ਗੁਲਜ਼ਾਰ ਕੀਤੇ ।
ਇਕ ਲਾ ਪ੍ਰੀਤ ਬਦਨੀਤ ਹੋ ਗਏ, ਇਕ ਅੱਖੀਆਂ ਚਾ ਦਿਲਦਾਰ ਕੀਤੇ ।
ਇਕ ਅਖੀਆਂ ਮੈ ਪ੍ਰਖੀਆਂ ਨੇ, ਲਾ ਕੇ ਚੱਖੀਆਂ ਨੇ ਬੜੇ ਯਾਰ ਕੀਤੇ ।
ਵਹਿਮੀ ਬਿਨਾ ਕਰਤਾਰ ਦਿਲਦਾਰ ਨਾਹੀਂ, ਨਿਮਰ ਅਖੀਆਂ ਇਹ ਵਿਚਾਰ ਕੀਤੇ ।

ਅੱਖੀਆਂ ਪੰਨਾ ੯.

ਉਚੀ ਬਾਂਹ ਕਰਕੇ ਮਨਸੂਰ ਰੁੰਨਾ, ਸ਼ਿਬਲੀ ਯਾਰ ਜਾਂ ਮਾਰਿਆ ਫੁਲ ਪਿਆਰੇ ।
ਸ਼ਿਬਲੀ ਕਿਹਾ ਅੜਿਆ ਤੈਨੂੰ ਕੀ ਹੋਇਆ, ਫੁਲ ਛੋਹੰਦਿਆਂ ਈਂ ਪਿਉਂ ਡੁਲ੍ਹ ਪਿਆਰੇ ।
ਆਸ਼ਕ ਕਿਹਾ ਅਗੋਂ ਲਗੋਂ ਮਗਰ ਇਹਨਾਂ, ਜਿਹੜੇ ਅਗੇ ਹੀ ਨੇ ਚਸ਼ਮ ਗੁਲ ਪਿਆਰੇ ।
ਸਜਣ ਬਣੇ ਵੈਰੀ ਮਹਿਰਮ ਹੋਇ ਮਾਰੂ, ਸਾਨੂੰ ਗਈਆਂ ਹਨੇਰੀਆਂ ਝੁਲ ਪਿਆਰੇ ।
ਜਿਹੜੇ ਜਿਸਮ ਨੂੰ ਮਾਰੇ ਜਹਾਨ ਪੱਥਰ, ਇਹਦਾ ਧਿਆਨ ਗਿਆ ਸਾਨੂੰ ਭੁਲ ਪਿਆਰੇ ।
ਐਨਲ ਹੱਕ ਵਾਲਾ ਸਚਾ ਸਬਕ ਅੜਿਆ, ਪੜ੍ਹਿਆ ਪ੍ਰੇਮ ਪੋਥੀ ਵਰਕਾ ਖੁਲ ਪਿਆਰੇ ।
ਜਾਤਾ ਜ਼ਾਲਮਾਂ ਆਲਮਾਂ ਨਹੀਂ ਮੁੜਦਾ, ਹੁਣ ਹੋਰ ਪਾਸੇ ਪਏ ਜੁਲ ਪਿਆਰੇ ।
ਐਨਲ ਹੱਕ ਜੇ ਭੇਣ ਦਾ ਨਹੀਂ ਆਸ਼ਕ, ਐਨ ਹੱਕ ਦੇ ਕੌਣ ਹੈ ਤੁਲ ਪਿਆਰੇ ।
ਵਾਹਦਹੁ ਦਾ ਇਹ ਸ਼ਰੀਕ ਬਣਦਾ, ਸੂਲੀ ਲਾਇਕ ਲਿਖਿਆ ਸਭਨਾਂ ਢੁਲ ਪਿਆਰੇ ।
ਅਗਲੇ ਰੋਜ਼ ਅਲਮਸਤ ਨੂੰ ਪ੍ਰੇਮ ਵਾਲਾ ਜਾ ਵਖਾਲਿਓ ਨੇ ਰਸਤਾ ਪੁਲ ਪਿਆਰੇ ।
ਸੂਲੀ ਪਾਸ ਮਨਸੂਰ ਦਾ ਨੂਰ ਵੇਖਣ, ਨਾਲ ਪ੍ਰੇਮ ਪਹੁੰਚੀ ਖਲਕਤ ਕੁਲ ਪਿਆਰੇ ।
ਹੋਇਆ ਹੁਕਮ ਸੂਲੀ ਉਤੇ ਹੱਸ ਚੜਿਆ, ਚਿਹਰਾ ਫੁਲ ਖਿੜਿਆ ਬੋਲੀ ਹੁਲ ਪਿਆਰੇ ।
ਸੂਲੀ ਵਿਨ, ਸਰੀਰ ਨੂੰ ਉਤਾਹ ਲੈ ਗਈ, ਦੇਹ ਸੰਗੀਆਂ ਭੀ ਮੰਗੀ ਖੁਲ੍ਹ ਪਿਆਰੇ ।
ਸਮਾਂ ਭਲਾ ਬਿਤਾਏ ਕੇ ਬਿਨਾਂ ਦਾਗੋਂ, ਬਾਗੋਂ ਰਵਾਂ ਹੋਈ ਬੁਲ ਬੁਲ ਪਿਆਰੇ ।
ਜਾਨ ਦਿਤਿਆਂ ਮਿਲੇ ਮਹਿਬੂਬ ਜਾਨੀ, ਪਾਇਆ ਜਿਵੇਂ ਮਨਸੂਰ ਨੇ ਮੁਲ ਪਿਆਰੇ ।
ਇਕ ਵਾਰ ਜੇ ਆਜਜ਼ ਨੂੰ ਮਿਲੇ ਪ੍ਰੀਤਮ ਵਾਰ ਸੁਖ ਸੁਟਾਂ ਸਾਰੇ ਚੁਲ੍ਹ ਪਿਆਰੇ ।

'ਪ੍ਰੇਮ ਅੱਖਰ'

ਅਖੀਆਂ ਤੇ ਪ੍ਰੇਮ ਅਖਰ ਪੰਨਾ ੪੯

Sri Satguru Jagjit Singh Ji Elibrary NamdhariElibrary@gmail.com

ਵਹਿਮੀ ਜੀ ਦਾ

ਵਾਰਤਕ ਦਾ ਨਮੂਨਾ

ਸਤਿਗੁਰੂ ਜੀ, ਆਪਣੇ ਲਿਖੇ ਤੇ ਬਣਾਏ ਪ੍ਰੋਗਰਾਮ ਅਨੁਸਾਰ ਲਾਂਗਰੀ ਸਿੱਖ ਭੇਡ-ਵਾਲੀ ਭੇਜੇ ਤੇ ਆਪ ਹੋਰ ਨਗਰਾਂ ਵਿਚੋਂ ਚਰਨ ਪਾਂਦੇ ਆਉਣ ਦਾ ਹੁਕਮ ਭੇਜਿਆ।

ਭੇਡ ਵਾਲੀ ਸਪਾਹੀਆਂ ਜਾ ਕਿਹਾ, ਕੋਈ ਦੌਰਾ ਨਾ ਏਥੇ ਥੰਮੇ, ਜੇ ਕਿਸੇ ਇਹ ਸਾਡਾ ਕਿਹਾ ਉਲਟਿਆ ਤਾਂ ਤਕਲੀਫ ਦੇਵਾਂਗੇ। ਜੇਤਾ ਸਿੰਘ, ਜਿਸ ਅਰਜ ਕਰ ਦੌਰਾ ਮੰਗਿਆ ਹੋਇਆ ਸੀ, ਭਾਈ ਨਰੈਣ ਸਿੰਘ, ਦੂਲਾ ਸਿੰਘ, ਪ੍ਰਤਾਪ ਸਿੰਘ ਤੇ ਭਤੀਜੇ ਇੰਦਰ ਸਿੰਘ ਦੀ ਸਲਾਹੇ ਲਗ ਡਰ ਗਿਆ। ਦੌਰੇ ਤੇ ਆਏ ਲਾਂਗਰੀਆਂ ਨੂੰ ਥੰਮੇ ਨਾ। ਕਉਂਕਿ ਉਪਰੋਂ ਦੌਰਾ ਖੁਲ੍ਹ ਗਏ ਦਾ ਹੁਕਮ ਅਜੇ ਉਸ ਨੂੰ ਕਿਸੇ ਨ ਦਸਿਆ ਸੀ ਤੇ ਇਹ ਆਪ ਕਮਜੋਰ ਦਿਲਾ ਸੀ।

ਜੇਤਾ ਸਿੰਘ ਦੇ ਘਰ ਵਾਲੀ ਰਾਮ ਕੌਰ ਲਾਂਗਰੀਆਂ ਨੂੰ ਠੇਲ-ਮਠੇਲਾ ਹੋਇਆ ਦੇਖ ਕਿਹਾ, ਮੈਂ ਸਮਝ ਗਈ ਆਂ, ਮੁੰਡਿਆਂ ਦਾ ਪਿਉ ਪੁਲਸ ਦੇ ਦਾਬੇ ਤੋਂ ਡਰ ਗਿਆ ਹੈ। ਪਰ ਮੈਂ ਤੁਹਾਨੂੰ ਸਭ ਰਸਦ ਦੇਂਦੀ ਹਾਂ। ਤੁਸੀਂ ਲੋਹ ਗੱਡੋ, ਚੁੱਭੇ ਪੁਟੋ, ਭਾਂਡੇ ਦੇਂਦੀ ਹਾਂ ਤੇ ਕਹਿੰਦੀ ਹਾਂ, ਕੌਣ ਹੈ ਮੇਰੇ ਸਤਿਗੁਰੂ ਵਡੇ ਪ੍ਰਤਾਪ ਵਾਲੇ ਦਾ ਦੌਰਾ ਰੋਕਣ ਵਾਲਾ। ਤੁਸੀਂ ਲੰਗਰ ਦੀ ਸਭ ਤਿਆਰੀ ਕਰੋ। ਅੰਦਰੋਂ ਕਢ ਦਾਤਰੀਆਂ ਸਾਧਾਂ ਨੂੰ ਦਿਤੀਆਂ ਤੇ ਕਿਹਾ, ਤੁਸੀਂ ਆਪ ਸਾਡੇ ਖੇਤਾਂ ਵਿਚੋਂ ਜਾ ਪਠੇ ਵਢੋ, ਗੁਰੂ ਕੇ ਘੋੜਿਆਂ, ਊਠਾਂ ਵਾਸਤੇ। ਕਵੇ, ਵੇਖਾਂ ਜੀ ਅਜ ਸਾਡੇ ਗੁਰੂ ਦਾ ਦੌਰਾ ਜਿਹੜੇ ਰੋਕ ਰਖਣਗੇ। ਕਲ੍ਹ ਨੂੰ ਸਾਨੂੰ ਕਿਥੇ ਰਹਿਣ ਦੇਣਗੇ। ਉਹ ਵੇਲੇ ਲੱਦ ਗਏ। ਜਦ ਦਾਬੇ ਅਸੀਂ ਜਰਦੇ ਸਾਂ, ਹੁਣ ਨਹੀਂ ਜਰਦੇ।

ਮਾਈ ਰਾਮ ਕੌਰ, ਅੰਦਰੋਂ ਕਢ ਕਢ ਰਸਤ, ਮੰਜੇ ਵਸਤਾਂ ਸਾਧਾਂ ਨੂੰ ਦਿਤੀਆਂ ਤੇ ਅੰਦਰ ਵਾੜ ਪਤੀ ਜੇਤਾ ਸਿੰਘ ਨੂੰ ਕਿਹਾ, ਤੁਸੀਂ ਤਗੜੇ ਹੋਵੋ ਕੋਈ ਆਖਰ ਨਹੀਂ ਆ ਜਾਂਦੀ। ਕੋਈ ਕਤਲ ਨਹੀਂ ਕੀਤੇ ਹੋਏ, ਦੌਰੇ ਵਿਚਲੇ ਸਾਧੂਆਂ। ਜੇਤਾ ਸਿੰਘ ਕਿਹਾ ਕੀ ਕਰਾਂ, ਭਰਾਵਾਂ ਤੇ ਭਤੀਜੇ ਭੀ ਡਰਾਇਆ ਈ ਏ ਤੇ ਹਰ ਦੌਰੇ ਵਾਲੇ ਨਗਰ, ਥਾਣੇ ਦੇ ਸਪਾਹੀ ਜਾ ਦਾਬੇ ਮਾਰਦੇ ਨੇ। ਸੁਣਿਆ ਹੈ, ਅਮਰੂ ਦੇ ਟੇਸ਼ਨ ਤੇ ਦੌਰੇ ਦੇ ਅਗੇ ਨਾ ਆਉਣ ਦਾ ਫੱਟਾ ਭੀ ਥਾਣੇਦਾਰ ਲੁਆ ਦਿਤਾ ਏ। ਮਾਈ ਕਿਹਾ, ਮੈਂ ਸਭ ਸਿਰ ਤੇ ਝਲਾਂਗੀ ਤੁਸੀਂ ਦੁਚਿਤੀ ਵਿਚ ਨਾ ਰਵੋ ਤੇ ਬਵੋ ਅੰਦਰ ਭਜਨ ਕਰੋ ਤੇ ਅਰਦਾਸ ਕਰੋ, ਹੇ ਸਚੇ ਪਾਤਸਾਹ! ਤੇਰੇ ਹੱਥ ਹੀ ਪੱਤੇ ਹੈ। ਮੈਂ ਏਧਰੋਂ ਭੀ ਡਰਦਾ ਹਾਂ, ਆਪ ਦੇ ਮਥੇ ਕਿਵੇਂ ਲਗਾਂਗਾ। ਮੰਗ ਕੇ ਲਿਆ ਦੌਰਾ, ਬੇ-ਰਸ ਬਣ ਰਿਹਾ ਏ।

ਜੇਤਾ ਸਿੰਘ ਦੇ ਭਰਾ ਆ ਕਿਹਾ, ਤੂੰ ਰਾਮ ਕੌਰੇ, ਖੌਰੇ ਕਿਹੜੇ ਖੂਹ ਸਾਨੂੰ ਸੁਟਣਾ ਏ। ਰਾਮ ਕੌਰ ਕਿਹਾ, ਸੰਮਨ ਤੇ ਮੂਸਨ ਕੀਤੇ ਬਚਨ ਤੇ ਤੁਲੇ ਸੀ ਤਾਂ ਗੁਰੂ ਜੀ ਨੇ ਮਰੇ ਨੂੰ ਭੀ ਜਵਾਲ ਲਿਆ। ਪ੍ਰੇਮ ਦੇ ਰਾਹ ਪਿਆਂ ਪਰਖਾਂ ਪੈਂਦੀਆਂ ਹੀ ਹਨ। ਬਿਰਥਾ ਜਨਮ ਅਸਾਡਾ ਗਿਆ। ਜੇ ਦਰਸ ਗੁਰਾਂ ਦਾ ਘਰ ਨਾ ਭਿਆ। ਮੈਂ ਏਦੂੰ ਮਰ ਗਈ ਚੰਗੀ।

ਰਾਮ ਕੌਰ ਕਿਹਾ, ਮੈਂ ਪੇਕੇ ਘਰ ਹੁੰਦੀ ਸੁਣਿਆ ਸੀ। ਇਕ ਲੋਪੋਕਿਆਂ ਦੇ ਸਾਧ ਸੁੰਦਰ ਸਿੰਘ ਦਾ ਇਕੋ ਪੁਤ੍ਰ ਸੀ। ਤੇ ਸੁੰਦਰ ਸਿੰਘ ਪਿੰਡ ਚ ਆਗੂ ਸਿਖ ਸੀ। ਢੋਲਕ ਵਜਾ, ਸ਼ਬਦ ਪੜ੍ਹ, ਦੀਵਾਨ ਲਾ ਸਾਰੇ ਨਗਰ ਦੇ ਸਿਖਾਂ ਨੂੰ ਰਾਮ ਵੰਨੀ ਲਾਈ ਰਖਦਾ ਸੀ। ਉਹਦੇ ਮੇਲੀਆਂ ਦੇ ਘਰ ਧੀ ਦੀ ਜੰਞ ਆਈ। ਉਸ ਸ਼ਬਦ ਪੜ੍ਹ ਢੁਕਾਈ। ਰਾਤ ਪੀੜ ਪਈ ਤੇ ਉਸ ਦਾ ਇਕੋ ਬੱਚਾ ਚੜ੍ਹ ਗਿਆ। ਉਸ ਸੁਪਤਨੀ ਨੂੰ ਕਿਹਾ, ਕਿਸੇ ਨੂੰ ਨਾ ਦਸੀਂ। ਅੰਮ੍ਰਿਤ ਵੇਲੇ ਉਠ, ਇਸ਼ਨਾਨ ਕਰ, ਉਹਨਾਂ ਵਲ ਜਾ ਦੀਵਾਨ ਲਾ, ਅਨੰਦ ਕਰਾ, ਬੀਬੀ ਨੂੰ ਵਿਦਾ ਕਰ, ਦਸਿਉ ਸੂ। ਸਾਧ ਨੂੰ ਨਾਲ ਲਿਆ ਕੇ ਪੁਤਰ ਦਾ ਸਸਕਾਰ ਕੀਤੋ ਸੂ। ਉਹ ਤੇ ਸਿਖ ਇਕ ਦਾ ਕਾਰਜ ਸੀ, ਤੇ ਸੁੰਦਰ ਸਿੰਘ ਹੋਰਾਂ ਦਾ ਪੁਤ੍ਰ ਚੜ੍ਹ ਗਿਆ ਸੀ। ਇਹ ਦੌਰਾ ਸਤਿਗੁਰੂ ਜੀ ਦਾ ਏ, ਕਈ ਸਾਧੂ ਨਾਲ ਹਨ। ਸਾਡੇ ਘਰ ਸੁਖ ਭੀ ਏ। ਅਸੀਂ ਐਵੇਂ ਡਰ ਕੇ, ਦੌਰੇ ਦਾ ਸੁਆਦ ਕਿਉਂ ਪੇ ਭੰਗ ਕਰੀਏ। ਗੁਰੂ ਕੇ ਸਿਖਾਂ, ਆਪਣੇ ਪਿਆਰ ਤੇ ਪਿਆਰੇ ਦੀ ਲਗਨ ਨੂੰ, ਕਈ ਸਖਤੀਆਂ ਸਹਿ, ਸਮੁੰਦਰਾਂ ਤੋਂ ਪਾਰ ਟੱਪ ਹੁਕਮਨਾਮੇ ਲਿਆਂਦੇ ਸੀ। ਜੇ ਉਹੋ ਗੁਰੂ ਹੈ ਤੇ ਅਸੀਂ ਉਹੋ ਸਿਖ ਹਾਂ ਤਾਂ ਉ ਭਲੀ ਕਰੇਗਾ। ਅਸੀਂ ਸਭ ਸਖਤੀ ਖਿੜੇ ਮਥੇ ਝਲਾਂਗੇ। ਤੁਸੀਂ ਨਹੀਂ ਸਾਥ ਦੇਂਦੇ ਤੇ ਨਾ ਦਿਓ। ਇਹ ਸੁਣ ਉਹ ਚਲਾ ਗਿਆ। ਤਾਹੀਉਂ ਤੇ ਸਤਿਗੁਰੂ ਜੀ ਭੀ ਸਮੇਤ ਸੰਗਤਾਂ ਦੇ ਆ ਦਰਸਨ ਦਿਤੇ ਸਭ ਦੇ ਉਤਾਰੇ ਹੋ ਗਏ। ਇਤਨੇ ਨੂੰ ਹਰਨਾਮ ਸਿੰਘ ਜੀ ਨੇ ਭੇਡ ਵਾਲੀ ਪਤਾ ਭੇਜ ਦਿਤਾ, ਉਪਰੋਂ ਹਕਮ ਆ, ਫਟਾ ਅਮਰੂ ਦੇ ਟੇਸ਼ਨ ਤੋਂ ਪਟਾ ਦਿਤਾ ਗਿਆਂ ਏ, ਤੇ ਗੁਰਮਖ ਸਿੰਘ ਸਣੇ ਭਰਾ ਦੇ ੧੫ ਦਿਨਾਂ ਤੱਕ ਅੰਦਰ ਹੀ ਥਾਣੇ ਦੇ ਰਹੇਗਾ। ਸਭ ਕਾਰਜ ਸਤਿਗੁਰਾਂ ਦੀ ਕਿਰਪਾ ਨਾਲ ਸੁਧ ਹੋ ਗਏ ਹਨ।

ਇਹ ਸੁਣ ਜੇਤਾ ਸਿੰਘ ਨੇ, ਸਤਿਗਰੂ ਜੀ ਦੀ ਚਰਨੀਂ ਸੀਸ ਨਿਵਾਂ, ਹੱਥ ਜੋੜ, ਆਪਣੇ ਤੇ ਮੰਦੀ ਬਵਸਤਾ ਕੀਤੀ, ਤੇ ਰਾਮ ਕੌਰ ਦੀ ਦਲੇਰੀ ਕੀਤੀ ਦੀ ਵਾਰਤਾ, ਸੰਗਤ ਵਿਚ ਖੜੋ ਸੁਣਾਈ। ਸਤਿਗੁਰੂ ਜੀ ਇਸਨਾਨ ਕਰ, ਜਲ ਛਕ, ਦੀਵਾਨ ਵਿਚ ਜਾ ਦਰਸਨ ਦਿਤੇ। ਸਾਧ ਸੰਗਤ ਨੂੰ ਜੇਤਾ ਸਿੰਘ ਤੇ ਰਾਮ ਕੌਰ ਦੇ ਨਾਲ ਬੀਤੀ, ਦਲੇਰੀ ਕੀਤੀ ਦੀ ਕਹਾਣੀ ਕਥਾ ਸੁਣਾ ਕਿਹਾ ਇਹੋ ਜੇਹੀਆਂ ਹੀ ਮਾਈਆਂ ਨੂੰ ਗੁਰੂ ਜੀ ਨੇ ਮਾਈਆਂ ਰੱਬ ਰਜਾਈਆਂ ਕਿਹਾ ਹੋਣਾ ਏ।

ਜੱਸ-ਜੀਵਨ ਭਾਗ ੧
ਪੰਨਾ ੧੫੮-੧੫੯

Sri Satguru Jagjit Singh Ji Elibrary NamdhariElibrary@gmail.com

ਭੈਣੀ ਸਾਹਿਬ ਹੁੰਦੇ, ਬਾਲਕਾਂ ਨੂੰ ਬਦਾਮ ਵੰਡਦੇ ਰਾਮਸਰੋਂ ਆਉਂਦੇ । ਮਾਤਾ ਜੀ, ਲੋਹ ਸਤਿਗੁਰੂ ਜੀ ਦੀ ਲਾਈ ਤੇ ਬੜ੍ਹੇ ਮੰਦਰ ਅੰਦਰ ਜਾ, ਸਤਿਗੁਰੂ ਜੀ ਦੀ ਸੋਹਣੀ ਬਣੀ ਫੋਟੋ ਨੂੰ ਮੱਥਾ ਟੇਕਦੇ । ਇਕ ਸਿੱਖ ਇਕ ਦਿਨ ਆਪ ਤੋਂ ਪੁਛਿਆ, ਲੋਹ ਤੇ ਫੋਟੋ ਸਤਿਗੁਰੂ ਜੀ ਦੀ ਨੂੰ ਮੱਥਾ ਟੇਕਣਾ, ਬੁਤ ਪੂਜਾ ਨਹੀਂ ? ਤਾਂ ਉੱਤਰ ਦਿਤੋ ਨੇ, ਲੋਹ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਸਾਡੀ ਸੱਤਾ ਰੂਪ ਏ । ਜਿਚਰ ਇਹ ਇਕ ਰਸ ਚਲਦੀ ਏ, ਉਚਰ ਕਿਸੇ ਗੱਲ ਦਾ ਘਾਟਾ ਨਹੀਂ ਪੈਂਦਾ, ਤੇ ਕਿਸੇ ਬਲ ਦੀ ਸਾਡੇ ਤੇ ਦਾਲ ਨਹੀਂ ਗਲਦੀ । ਸਤਿਗੁਰੂ ਜੀ ਦਾ ਇਸ ਨੂੰ ਚਲਦੀ ਰਖਣ ਦਾ ਹੁਕਮ ਚੇਤੇ ਕਰ—ਇਸ ਨੂੰ ਦੇਖਦਿਆਂ ਹੀ, ਦਿਲ ਤੇ ਅਸਰ ਆ, ਵੱਸ, ਅਵੱਸ, ਸਿਰ ਨਿਵਾ ਲੈਂਦਾ ਏ । ਮੈਂ ਤੇ ਚਾਹੁੰਦਾ ਹਾਂ, ਜਿਸ ਲੰਗਰ ਵਿਚੋਂ ਸਤਿਗੁਰੂ ਜੀ ਦਾ ਨਾਮ ਲੈ ਅਰਦਾਸਾ ਹੋ ਇਕ ਰਸ ਸਭ ਆਏ ਨੂੰ ਪ੍ਰਸਾਦ ਵਰਤੇ, ਓਸ ਲੰਗਰ ਨੂੰ ਹਰ ਨਗਰ, ਘਰ, ਜਿਥੇ ਭੀ ਕੋਈ ਹੋਵੇ, ਰੋਜ ਮੱਥਾ ਟੇਕਣਾ ਚਾਹੀਦੈ । ਉਹ ਰਾਮ ਦੀ ਹੀ ਲੋਹ ਲੰਗਰ ਹੁੰਦੇ ਤੇ ਮੂਰਤ ਦੇਖ, ਮਨੋ-ਭਾਵ ਮਹਾਂ ਪੁਰਖਾਂ ਦੇ ਅੰਦਰ ਆ, ਨਿਉਂ ਉਨ੍ਹਾਂ ਦਾ ਅਦਬ ਆਦਰ ਕਰਨਾ ਹੁੰਦਾ ਏ । ਜੋ ਚਾਹੀਦੈ । ਇਹ ਬੁਤ ਪੂਜਾ ਨਹੀਂ ।

ਜੱਸ-ਜੀਵਨ ਭਾਗ ੧
ਪੰਨਾ ੧੯੭

——

ਸਤਿਗੁਰੂ ਪ੍ਰਤਾਪ ਸਿੰਘ ਜੀ, ਘੋੜਿਆਂ ਦਾ ਦੌਰਾ, ਰੇਸਾਂ ਦਾ ਦੇਖਣ ਤੇ ਰੇਸਾਂ ਵਿਚ ਘੋੜੇ ਦੜੌਣ ਦਾ ਸ਼ੌਕ ਆਮ ਰਖਦੇ । ਲਾਹੌਰ, ਕਲਕੱਤੇ, ਬੰਬਈ, ਦਿੱਲੀ, ਲਖਨਊ, ਮੇਰਠ, ਰਾਵਲ ਪਿੰਡੀ, ਸ਼ਿਮਲੇ ਸਿੱਖ ਘੋੜੇ ਸਾਂਭਦੇ । ਜਗ੍ਹਾ ਕਰਾਏ ਲੈ, ਉਥੇ ਹੀ ਘੋੜੇ, ਉਥੇ ਹੀ ਸਿਖ ਲੰਗਰ ਕਰ ਛਕਦੇ । ਸਤਿਗੁਰੂ ਪਛਾਣ ਕੀਤੀ ਕਿ ਯਾਕੀ* ਬੇਈਮਾਨੀ ਕਰਦੇ, ਘੋੜਾ ਖਿਚ ਭੀ ਰਖਦੇ ਤੇ ਨਾ ਹੀ ਪੂਰਾ ਜੋਰ ਦੇ ਦੁੜਾਂਦੇ । ਇਸ ਲਈ ਆਪਣੇ ਸਿਖਾਂ ਨੂੰ ਇਸ ਕੰਮ ਲਈ ਤਿਆਰ ਕੀਤਾ । ਟੋਰਨ ਫੇਰਨ ਦਾ ਕੰਮ ਤੇ ਅਗੇ ਭੈਣੀ ਸਾਹਿਬ ਆਮ ਹੁੰਦਾ ਸੀ ।

ਸਭ ਤੋਂ ਪਹਿਲਾਂ ਭਗਤ ਸਿੰਘ ਭੋਲੇ ਕੇ, ਜ਼ਿਲਾ ਗੁਰਦਾਸਪੁਰ ਦਾ ਜ਼ਿਮੀਂਦਾਰ ਤਿਆਰ ਹੋਇਆ, ਮਨਜ਼ੂਰ ਕਰਾ ਆਪਣੇ ਘੋੜੇ ਤੇ ਯਾਕੀ ਲਗਾ । ਫੇਰ ਅਜੈਬ ਸਿੰਘ ਖਿਆਲੇ ਦਾ, ਫੇਰ ਸ਼ੇਰ ਸਿੰਘ ਵਰਨਾਂ ਦਾ ।

ਭਗਤ ਸਿੰਘ ਨੂੰ ਜੇ ਵਜਨ ਹੋਲਾ ਕਰਨਾ ਪਵੇ ਤਾਂ ਤ੍ਰਈ ਰੋਜ਼ ਪ੍ਰਸਾਦ ਘਟ ਛਕਦਾ ਤੇ ਉਕਾ ਹੀ ਨਾ ਛਕਦਾ । ਮੁੜਕਾ, ਜਲਾਬ ਲੈਂਦਾ, ਜਿਤਨਾ ਜੋਗ ਘੋੜੇ ਤੇ ਚੜ੍ਹਨ ਦੇ ਹੁੰਦਾ, ਆਪਣਾ ਭਾਰ ਕਰ ਰਖਦਾ । ਪਰ ਜ਼ਰੂਰ ਗੁਰੂ ਕਾ ਘੋੜਾ ਜਿਤਾਂਦਾ । ਜਿਤਨ ਨਾਲ ਇਨਾਮ ਭੀ ਮਿਲਦਾ, ਕੀਮਤ ਭੀ ਵਧ ਜਾਂਦੀ ਸੀ । ਮਾਲਕ ਦੀ ਫੋਟੋ ਆਪਣੇ ਦੇਸ਼ ਤੇ ਹੋਰ ਬਦੇਸ਼ਾਂ ਵਿਚ ਵੀ, ਹੋਰ ਰੇਸ ਦੇ ਸ਼ੌਕੀਆਂ ਅਮੀਰਾਂ ਨੂੰ ਪਹੁੰਚਦੀ ਸੀ । ਕਿਤਾਬਾਂ ਵਿਚ ਘੋੜੇ ਦੀ ਤੇ ਉਸ ਦੇ ਮਾਲਕ ਦੀ ਸਿਫਤ ਵਜੋਂ, ਕੁਝ ਦੋਹਾਂ ਦੇ ਖਾਨਦਾਨਾਂ ਦੀ ਸਿਫਤ ਲਿਖੀ ਛਾਪੀ ਜਾਂਦੀ ਸੀ । ਇਨ੍ਹਾਂ ਰੇਸਾਂ ਵਜੋਂ, ਗੁਰੂ ਦੇ ਲੰਗਰ ਵਿਚ ਮਾਇਆ ਬਹੁਤ ਪੈਂਦੀ । ਗੁਰੂ ਘਰ ਦੇ ਖਾਣ ਦਾਣ ਤੇ ਬਾਣੇ ਦੀ ਮਸ਼ਹੂਰੀ ਬਹੁਤ ਹੁੰਦੀ । ਰੇਸਾਂ ਵਿਚ ਗਿਆਂ, ਵਾਕਫੀ ਵਡੇ ਲੋਕਾਂ ਨਾਲ ਬਹੁਤ ਵਧਦੀ ਸੀ ।

ਸਤਿਗੁਰੂ ਜੀ ਬੜੀ ਸ਼ੌਕੀ, ਸਜੀਲੀ ਤੇ ਅਣਖੀਲੀ ਬਿਰਤੀ ਰਖਦੇ ਸੀ । ਭਾਵੇਂ ਕੋਣ ਹੋਵੇ, ਹਸ ਮਿਲਦੇ । ਬੇ ਪ੍ਰਵਾਹ, ਬੇ ਮੁਹਤਾਜ ਸੁਭਾ ਰਖਦੇ । ਪਿਆਰ ਕਰਦੇ ਨਾਲ ਪਿਆਰ ਕਰਦੇ । ਸਨਾਸਵੰਦ ਦੀ ਪੂਰੀ ਕਦਰ ਕਰਦੇ, ਲਿਹਾਜ ਕਰਦੇ । ਦੌਰੇ ਗਏ ਨੇਜ਼ਾਬਾਜੀ ਖੇਡਦੇ, ਦੌੜ ਘੋੜਿਆਂ ਦੀ ਕਰਾਂਦੇ । ਬਲ ਨਾਲ, ਕਸਰਤ ਨਾਲ, ਜਿਤਨਾ ਜੋਗ ਜਾਣਦੇ । ਸ਼ਰਤ ਨੂੰ ਅਨਰਥ ਹੀ ਆਖਦੇ । ਬੇਈਮਾਨੀ ਨੂੰ ਬੁਰਾ ਮੰਨਦੇ ਤੇ ਕਰਨ ਵਾਲੇ ਤੋਂ ਪਰੇ, ਬਚ ਕੇ ਰਹਿੰਦੇ ।

ਏਕ ਸਮੇਂ ਲਾਹੌਰ ਆਪ ਦਾ ਘੋੜਾ ਜਿਤਿਆ, ਪਰ ਬੇਈਮਾਨੀ ਨਾਲ ਪਿਛੇ ਪਾ ਦਿਤਾ ਗਿਆ । ਸਤਿਗੁਰੂ ਜੀ ਕਿਹਾ, ਜੇ ਇਸ ਤਰ੍ਹਾਂ, ਕਰੋਗੇ, ਮੈਂ ਰੇਸ ਵਿਚ ਨਹੀਂ ਆਵਾਂਗਾ । ਸੈਕ੍ਰਟਰੀ ਕਿਹਾ ਬੇਸ਼ਕ ਨਾ ਆਵੇ । ਇਸ ਰੋਸੋਂ ਹੋਰ ਸਤਿਗੁਰੂ ਜੀ ਦੇ ਜਾਣੂੰ ਤੇ ਸਤਿਗੁਰੂ ਜੀ ਰੇਸ ਵਿਚ ਆਉਣੋ ਰਹਿ ਗਏ । ਦੋ ਰੇਸਾਂ, ਮਸਾਂ ਰਾਵਲ ਪਿੰਡੀਓਂ ਘੋੜੇ ਮੰਗਾ ਕੀਤੀਆ । ਉਪਰੋਂ ਪੁਛ ਹੋਈ ਕਿ ਗੁਰੂ ਜੀ ਤੇ ਹੋਰ ਅਮੀਰ ਰੇਸਾਂ ਵਿਚ ਕਿਉ, ਨਹੀਂ ਆਉਂਦੇ । ਜੇ ਇਵੇਂ ਹੈ ਆਮਦਨੋ ਖਰਚ ਵਸਣਾ ਹੈ, ਤਾਂ ਰੇਸ ਦੀ ਖੇਡ ਹੀ ਬੰਦ ਕਰ ਦਿਓ । ਉਸੇ ਸੈਕਟਰੀ ਸਤਿਗੁਰੂ ਜੀ ਨੂੰ ਮਿਲ, ਮੇਲੀ ਅਮੀਰਾ ਨੂੰ ਸੱਦ ਅਖੀਰ ਭੁਲ ਮੰਨੀ ਤੇ ਕਿਹਾ, ਆਪ ਗੁਰੂ ਬਖਸ਼ਿੰਦ ਹੋ, ਇਦੂੰ ਅਗੇ ਐਸੀ ਨਾਜਾਇਜ਼ ਕੋਈ ਹਰਕਤ ਆਪ ਨਾਲ ਕੀ, ਕਿਸੇ ਨਾਲ ਨਾ ਹੋਵੇਗੀ । ਤਾਂ ਫੇਰ ਰੇਸ ਵਿਚ ਗਏ ।

ਜੱਸ ਜੀਵਨ ਭਾਗ ੧
ਪੰਨਾ ੧੯੫—੯੬

*ਜੋਕਦੀ Jockey ਘੋੜ ਅਸਵਾਰ : ਸੰ.

Sri Satguru Jagjit Singh Ji Elibrary NamdhariElibrary@gmail.com

ਐਕ

— ਜਸਵੰਤ ਸਿੰਘ ਵਿਰ

ਤੁਹਾਡਾ ਕੀ ਖਿਆਲ ਹੈ ਕਿ ਦਰਿਆ ਪਾਣੀ ਘਟਣ ਨਾਲ ਮਰ ਜਾਂਦੇ ਨੇ ?

ਚਲੋ ਸੋਚਕੇ ਦਸ ਦੇਣਾ !

ਬਹੁਤ ਸਾਰੇ ਲੋਕ ਸੋਚਦੇ ਨੇ ਕਿ ਐਕ ਹੁਣ ਇਸ ਕਾਬਿਲ ਨਹੀਂ ਰਿਹਾ ਕਿ ਉਹਦੇ ਬਾਰੇ ਗੱਲ ਕੀਤੀ ਜਾਵੇ । ਕੀ ਇਹ ਠੀਕ ਨਹੀਂ ?

ਤੁਸੀਂ ਇਸ ਤਰ੍ਹਾਂ ਨਹੀਂ ਸੋਚਦੇ ? ਇਹ ਕਿਵੇਂ ਹੋ ਸਕਦੈ । ......ਮੈਂ ਤਾਂ ਆਪਣੇ ਬਾਰੇ ਬਹੁਤੇ ਲੋਕਾਂ ਨੂੰ ਖਿਸੇ ਤਰ੍ਹਾਂ ਹੀ ਸੋਚਦਿਆਂ ਵੇਖਿਆ ਹੈ । ਫੇਰ, ਤੁਸੀਂ ਕਿਸ ਮਿੱਟੀ ਦੇ ਬਣੇ ਹੋਏ ਹੋ ਮਿਹਰਬਾਨੋ !

ਕੀ ? ਹਾਂ, ਮੈਂ ਸਿਕੰਦਰ ਦੇ ਹਮਲੇ ਤੋਂ ਪਹਿਲਾਂ ਵੀ ਇਥੇ ਹੀ ਸਾਂ । ਉਸਨੇ ਚਿਨਾਬ ਨੂੰ ਪਾਰ ਕਰਕੇ ਮੇਰੇ ਕਿਨਾਰੇ ਕੋਲ ਹੀ ਤੰਬੂ ਤਾਣੇ ਸਨ । ਇਹ ਉਹ ਥਾਂ ਸੀ ਜਿਥੋਂ ਕਿ ਜੇਹਲਮ-ਚਿਨਾਬ ਅਤੇ ਰਾਵੀ ਹੋਰ ਥੱਲੇ ਵਲ ਜਾਕੇ, ਘਟੋ ਘਟ ਗਿਆਰਾਂ ਮੀਲਾਂ ਦੇ ਫਾਸਲੇ ਤੇ, ਮਿਲਦੇ ਸਨ ।

ਸਿਕੰਦਰ ਉਨ੍ਹਾਂ ਦੇ ਸੰਗਮ ਸਥਾਨ ਕੋਲ ਕਿਉਂ ਨਹੀਂ ਪੁਜਾ ? ਜੰਗਲ, ਨਿਰਾ ਜੰਗਲ । ਜੰਗਲ ਵਿਚ ਰਾਹ ਲਭਣਾ ਕਿਹੜਾ ਸੌਖਾ ਸੀ ? ਉਨ੍ਹਾਂ ਦਿਨਾਂ ਵਿਚ ਮੇਰੇ ਪਾਣੀ ਸਾਂਗਲੇ ਤੋਂ ਵੀ ਥੱਲੇ ਤਕ ਵਗਦੇ ਸਨ । ਸਬੂਤ ?

ਸ਼ਾਹ ਜਹਾਨ ਦੇ ਰਾਜ ਭਾਗ ਵੇਲੇ ਸ਼ਾਹਜ਼ਾਦੇ ਦਾਰਾ ਸ਼ੁਕੋਹ ਨੇ ਪਸਰੂਰ ਤੋਂ ਚੌਥੀ ਮੀਲ ਉਪਰ, ਪਕਵਾਲਾ ਤੋਂ ਸ਼ੁਕੋਹਪੁਰੇ ਤਕ ਜਿਹੜੀ ਨਹਿਰ ਕਢਵਾਈ ਸੀ, ਉਹ ਮੇਰੇ ਪਾਣੀਆਂ ਵਿਚੋਂ ਹੀ ਸੀ । ਇਤਿਹਾਸ ਨੂੰ ਫਰੋਲ ਕੇ ਵੇਖ ਲਵੋ, ਉਸ ਨਹਿਰ ਦਾ ਨਾਂ ਵੀ ਐਕ, ਜਾਂ, ਝਿਟਪੀ ਨਹਿਰ ਹੀ ਸੀ ।

......ਫੇਰ ਤਾਂ ਇਹ ਪਾੜਾ ਹੀ ਮੇਰੇ ਪਾਣੀਆਂ ਦੇ ਵ
ਵਾਸਤੇ ਅਸਲੀ ਰਾਹ ਬਣ ਗਿਆ । ਸੱਚ ਹੀ ਕਹਿੰਦੇ
ਲੋਕ ਦਰਿਆਵਾਂ ਦੇ ਰਾਹ ਵੀ ਮੋੜ ਦਿੰਦੇ ਨੇ ।

ਪਰ ਦਾਰਾ ਸ਼ੁਕੋਹ ਨਾਲ ਕਿਵੇਂ ਬੀਤੀ ?

ਦਾਰਾ ਸ਼ੁਕੋਹ ਮੁਮਤਾਜ਼ ਮਹੱਲ ਦਾ ਪੁਤਰ ਸੀ
ਆਪਣੇ ਵਕਤ ਵਿਚ ਹਿੰਦੂ ਮੁਸਲਿਮ ਏਕਤਾ ਤੇ ਭਰ
ਭਾਵ ਵਿਚ ਜਿੰਨਾ ਦ੍ਰਿੜ੍ਹ ਉਸ ਦਾ ਵਿਸ਼ਵਾਸ ਸੀ, ਉਸ
ਅੱਜ ਸਾਨੂੰ ਸਭ ਤੋਂ ਵੱਧ ਲੋੜ ਹੈ । ਹਿੰਦੂ ਸੰਤਾਂ ਤੇ ਮੁਸਲ
ਫਕੀਰਾਂ ਦੀ ਅਮਰ ਆਤਮਾ ਨੂੰ ਉਹ ਸਭ ਤੋਂ ਵਧ ਜਾ
ਸੀ ਪਰ ਔਰੰਗਜ਼ੇਬ ਤੇ ਉਹਦੇ ਭਰਾ ਮੁਰਾਦ ਨੇ ਉਸਨੂੰ
ਦੇ ਤਖਤ ਤੇ ਨਹੀਂ ਬੈਠਣ ਦਿਤਾ । ਜੇਕਰ ਦਾਰਾ
ਬਾਦਸ਼ਾਹ ਹੁੰਦਾ ਤਾਂ ਭਾਰਤ ਦੀ ਕਿਸਮਤ ਦੇ ਸਿਤਾ
ਚਮਕ ਪੈਂਦੇ । ਹੋਰ ਕੀ ਕਹਾਂ, ਦਾਰਾ ਸ਼ੁਕੋਹ ਦੇ ਦੁਖਾਂਤ
ਤੁਸਾਂ ਡਾਕਟਰ ਰੋਸ਼ਨ ਲਾਲ ਆਹੂਜਾ ਦੇ ਨਾਟਕ ਵਿ
ਕਾਫੀ ਕੁਝ ਪੜ੍ਹ ਲਿਆ ਹੋਵੇਗਾ ।

ਜੇਕਰ ਤੁਸਾਂ ਮੇਰੇ ਪੁਰਾਣੇ ਪਾੜ ਦੇ ਦਰਸ਼ਨ ਕਰਨੇ
ਤਾਂ ਸਾਂਗਲੇ ਤੋਂ ਥਲੇ ਵਲ ਚਲ ਪਵੋ । ਫੇਰ, ਝੰਗ ਤੋਂ
ਮੀਲਾਂ ਤਕ ਪੂਰਬ ਵਲ ਨੂੰ ਜਾਵੋ ...ਪਰ ਸ਼ੋਰਕੋਟ ਤੋਂ
ਵਲ ਨੂੰ ਬਾਰਾਂ ਮੀਲਾਂ ਤੋਂ ਅਗੇ ਮੇਰੀ ਪੈੜ ਕਿਤੇ ਨ
(ਇਹ ਸਿਆਲਕੋਟ ਦੇ ਉੱਤਰ ਪੂਰਬ ਵਲ ਹੈ ਅਤੇ
ਦੇ ਪਛਮ ਵਿਚ ।)

ਕਿਉਂ ?

ਸਮੇਂ ਦੀ ਗਤੀ ਦੀ ਕਰਾਮਾਤ ?

ਸਮੇਂ ਦੀ ਗਤੀ ਕੀ ਕੁਝ ਨਹੀਂ ਕਰ ਦਿੰਦੀ ?

Sri Satguru Jagjit Singh Ji Elibrary NamdhariElibrary@gmail.com

ਸਮੇਂ ਦੀ ਗਤੀ ਨੇ ਤਾਂ ਦਾਰਾ ਸ਼ੁਕੋਹ ਨੂੰ ਵੀ ਸਾਡੇ ਕੋਲ ਨਾ ਰਹਿਣ ਦਿਤਾ।

ਮੈਨੂੰ ਅਜ ਤਕ ਵੀ ਇਹ ਗੱਲ ਸਮਝ ਨਹੀਂ ਆਈ ਕਿ ਬਾਦਸ਼ਾਹੀਆਂ ਖੂਨ ਖਰਾਬੇ ਨਾਲ ਕਿਉਂ ਕਾਇਲ ਰਹਿੰਦਿਆਂ ਨੇ। ਸਾਡੇ ਪੁਰਤਾਨ ਸ਼ਾਸਤਰਾਂ ਵਿਚ ਆਉਂਦਾ ਹੈ ਕਿ ਬਹਿਸ਼ਤ ਦੇ ਦਰਵਾਜ਼ੇ ਤਲਵਾਰਾਂ ਦੀ ਛਾਂ ਥੱਲੇ ਖੁਲ੍ਹਦੇ ਨੇ। ਪਰ ਇਹ ਗੱਲ ਤਾਂ ਲੋਕ ਸ਼ਹੀਦਾਂ ਬਾਰੇ ਕਹਿੰਦੇ ਨੇ। ਬਾਦਸ਼ਾਹ ਦਾ ਸ਼ਹੀਦਾਂ ਨਾਲ ਕੀ ਸੰਬੰਧ ਹੈ। ਬਾਦਸ਼ਾਹ ਤਾਂ ਕਿਸੇ ਨੇਕ ਬੰਦੇ ਨੂੰ ਬਰਦਾਸ਼ਤ ਹੀ ਨਹੀਂ ਕਰਦੇ। ਪਤਾ ਨਹੀਂ ਆਪਣਾ ਵਿਰੋਧੀ ਕਿਉਂ ਸਮਝਦੇ ਨੇ ?

ਭਾਵੁਕਤਾ ?

ਇਹਦੇ ਵਿਚ ਭਾਵੁਕਤਾ ਵਾਲੀ ਕਿਹੜੀ ਗੱਲ ਹੈ। ਜਦੋਂ ਲੋਕਾਂ ਦਾ ਲਹੂ ਡੁਲ੍ਹਦਾ ਹੈ ਤਾਂ ਲਹੂ ਦੀਆਂ ਨਦੀਆਂ ਵਗ ਪੈਂਦੀਆਂ ਨੇ। ਸਾਡੇ ਪਾਣੀਆਂ ਦਾ ਰੰਗ ਵੀ ਸਾਫ ਨਹੀਂ ਰਹਿੰਦਾ। ਪਵਿਤਰਤਾ ਸ਼ਬਦ ਦੇ ਅਰਥ ਹੀ ਬਦਲ ਜਾਂਦੇ ਨੇ।

ਉਦਾਹਰਣ ?

ਉਦਾਹਰਣ ਮੈਂ ਦਿਆਂ ? ਕੀ ਤੁਹਾਨੂੰ ਪਤਾ ਨਹੀਂ ਕਿ ਹਰ ਸ਼ਬਦ ਦੇ ਦੋ ਅਰਥ ਹੁੰਦੇ ਨੇ: ਇਕ ਉਹ ਜਿਹੜੇ ਸ਼ਬਦ-ਕੋਸ਼ ਵਿਚ ਅਤੇ ਦੂਸਰੇ ਉਹ, ਜਿਸ ਅਨੁਸਾਰ ਹਾਕਮ ਲੋਕ ਅਮਲ ਕਰਦੇ ਨੇ। ਸ਼ਬਦਕੋਸ਼ ਨੂੰ ਕੌਣ ਵੇਖਦਾ ਹੈ। ਸ਼ਬਦ ਦਾ ਅਰਥ ਉਹੋ ਹੀ ਠੀਕ ਹੈ ਜਿਸ ਨੂੰ ਹਾਕਮਾਂ ਠੀਕ ਸਮਝਦੇ ਨੇ। ਸਚ ਵੀ ਉਹੋ ਹੀ, ਜਿਸ ਨੂੰ ਹਾਕਮ ਟੋਲਾ ਸਚ ਸਮਝਦੇ ਹੈ।... ਇਹੋ ਹੀ ਠੀਕ ਹੈ। ਮੈਂ ਵੀ ਜ਼ਮਾਨਾ ਵੇਖਿਆ ਹੈ।

ਤੁਸੀਂ ਕੀ ਕਹਿੰਦੇ ਹੋ ?

ਮੇਰਾ ਨਾਂ ਤਾਂ ਮਹਾਭਾਰਤ ਵਿਚ ਵੀ ਆਉਂਦਾ ਹੈ। ਉਥੇ ਮੈਨੂੰ ਅਪਾਗਾ ਕਿਹਾ ਗਿਆ ਹੈ, ਅਤੇ ਮੈਂ ਮੰਦਰਾਂ ਦੇ ਦੇਸ਼ ਵਿਚ, ਰਾਜਧਾਨੀ ਦੇ ਕੋਲ- ਸਕਾਲਾ ਦੀ ਸੀਮਾ ਵਿਚੋਂ, ਲੰਘਦਾ ਸਾਂ।

ਜੀ ਹਾਂ, ਸਕਾਲਾ ਹੀ ਅਜ ਦਾ ਸਿਆਲ ਕੋਟ ਹੈ। ਜੀ ਨਹੀਂ, ਜਿਹੜੇ ਲੋਕ ਸਿਆਲ ਕੋਟ ਦੀ ਥਾਂ ਸਕਾਲਾ ਨੂੰ ਸਾਂਗਲਾ ਕਹਿੰਦੇ ਨੇ, ਉਹ ਠੀਕ ਨਹੀਂ।

ਹਾਂ, ਇਹ ਠੀਕ ਹੈ ਕਿ ਸਿਆਲ ਕੋਟ ਅਤੇ ਸਾਂਗਲਾ, ਦੋਵੇਂ ਹੀ ਮੇਰੇ ਪਾਣੀਆਂ ਦੇ ਮੁੱਢ ਵਸੇ ਹੋਏ ਨੇ।

ਪੁਰਾਣੇ ਵੇਲਿਆਂ ਵਿਚ ਸ਼ਹਿਰ ਪਾਣੀਆਂ ਨੇੜੇ ਹੀ ਵਸਦੇ ਸਨ, ਪਰ ਜੇਕਰ ਸ਼ਹਿਰ ਦੂਰ ਵੀ ਹੁੰਦੇ ਸਨ ਤਾਂ ਦਰਿਆਵਾਂ ਦੇ ਪਾਣੀ ਉਨ੍ਹਾਂ ਦੇ ਨੇੜੇ ਹੁੰਦੇ ਜਾਂਦੇ ਸਨ। ਦਰਿਆ ਵੀ ਤਾਂ ਸ਼ਹਿਰਾਂ ਦੀ ਰੌਣਕ ਤੋਂ, ਲੋਕਾਂ ਦੇ ਹਾਸਿਆਂ ਤੋਂ ਅਤੇ ਸੁੰਦਰੀਆਂ ਦੇ ਸਰੀਰਾਂ ਦੀ ਮੋਹਭਰੀ ਲਿਸ਼ਕ ਤੋਂ ਦੂਰ ਨਹੀਂ ਰਹਿ ਸਕਦੇ। ਰਹਿ ਸਕਦੇ ਨੇ ?

ਰਹਿ ਸਕਦੇ ਤਾਂ ਸਾਰੇ ਹੀ ਦਰਿਆ ਜੰਗਲ ਵਿਚ ਵਗਦੇ ਹੁੰਦੇ। ਪਰਬਤਾਂ ਦੇ ਰੁਖੇ ਪਨ ਨੂੰ ਛਡ ਕੇ ਤੁਹਾਡੀ ਦਿਲਕਸ਼ ਧਰਤੀ ਤੇ ਵੀ ਕਦੀ ਨਾ ਆਉਂਦੇ।

ਮੇਰਾ ਜਨਮ ?

ਸਿਆਲ ਕੋਟ ਤੋਂ ਉਪਰ ਜੰਮੂੰ ਦੀਆਂ ਪਹਾੜੀਆਂ ਵਿਚੋਂ ਹੋਇਆ ਹੈ। ਜੀ ਹਾਂ, ਸਿਆਲ ਕੋਟ ਦੇ ਉਤਰਪੂਰਬ ਵਿਚ।

ਸਿਆਲ ਕੋਟ ਕੋਲ ਪੁਜ ਕੇ ਮੇਰੀ ਧਾਰ ਪਛਮ ਵਲ ਨੂੰ ਚਲ ਪਈ ਅਤੇ ਸੋਧਰਾ ਨੇੜੇ ਪੁਜਕੇ ਮੇਰਾ ਇਕ ਹਿਸਾ ਚਿਨਾਬ ਦੇ ਪਾਣੀਆ ਦੀ ਸੰਗਤ ਕਰਨ ਲਗ ਪੈਂਦਾ ਸੀ। ਪਰ ਮੇਰਾ ਅਸਲੀ ਰੂਪ ਬਾਕੇ ਤੋਂ ਵੀ ਅਗੇ ਨੰਦਾ ਨਾਵ ਤੇ ਭੁਟਾਲਾ ਵਲ ਨੂੰ ਚਲ ਪੈਂਦਾ ਹੈ। ਬਸ ਪਸਰੂਰ ਤਕ ਮੇਰੀ ਰਫਤਾਰ ਇਸੇ ਤਰ੍ਹਾਂ ਹੀ ਗਤੀਸ਼ੀਲ ਰਹਿੰਦੀ ਹੈ।

ਹਾਂ, ਪਸਰੂਰ ਨੇੜੇ ਹੀ ਮੇਰੀਆਂ ਦੋ ਧਾਰਾਂ ਬਣ ਜਾਂਦੀਆਂ ਸਨ, ਪਰ ਪਸਰੂਰ ਦੇ ਪੂਰਬ ਅਤੇ ਪਛਮ ਵਲ ਦੀ ਹੋ ਕੇ ਸਾਂਗਲ ਵਾਲਾ ਟਿੱਬਾ ਦੇ ਦਖਣ ਵਿਚ, ਢਾਈ ਮੀਲਾਂ ਦੇ ਫਾਸਲੇ ਤੇ ਫੇਰ ਇਕ ਦੂਸਰੇ ਦੀ ਹਿੱਕ ਨਾਲ ਲਗ ਜਾਂਦੀਆਂ ਸਨ।

ਉਸ ਤੋਂ ਵੀ ਅਗੇ, ਪੰਦਰਾਂ ਮੀਲਾਂ ਤਕ ਲੋਕ ਮੈਨੂੰ ਨੰਦਾਨਵਾ ਨਹਿਰ ਦੇ ਨਾਂ ਨਾਲ ਪੁਕਾਰਦੇ ਸਨ। ਫੇਰ ਪਤਾ ਨਹੀਂ ਮੇਰੀ ਧਾਰ ਕਿਵੇਂ ਬਰੇਤੀ ਵਿਚ ਲੁਕ ਜਾਂਦੀ ਸੀ।

ਬਿਲਕੁਲ ਠੀਕ ਹੈ। ਮੇਰਾ ਪਾੜਾ ਪਸਰੂਰ ਤੋਂ ਅਗੇ ਦਖਣ- ਪਛਮ ਵਿਚ ਪੰਝੀ-ਤੀਹ ਮੀਲਾਂ ਦੇ ਪੈਂਡੇ ਵਿਚ ਫੈਲਿਆ ਹੋਇਆ ਸੀ, ਅਤੇ ਮੇਰੀ ਧਾਰ ਰਾਵੀ ਨਾਲ ਜਾ ਕੇ ਮਿਲਦੀ ਸੀ। ਜਦੋਂ, ਸਿਕੰਦਰ ਨੇ ਰਾਵੀ ਨੂੰ ਆਪਣੀ ਭਾਸ਼ਾ ਵਿਚ ਕੋਈ ਨਾ ਦੇਣਾ ਚਾਹਿਆ ਤਾਂ ਪਤਾ ਉਹਨੇ ਕੀ ਕੀਤਾ ਸੀ।

ਚੇਤੇ ਕਰੋ।

ਨਹੀਂ ਤਾਂ ਮੈਂ ਤੇ ਦਸ ਹੀ ਦਿਆਂਗਾ।

Sri Satguru Jagjit Singh Ji Elibrary NamdhariElibrary@gmail.com

ਵਰਤਮਾਨ ਕਾਲ ਦੇ ਨਕਸ਼ੇ ਤਕੋ ਤਾਂ ਲੋਕ ਕਹਿੰਦੇ ਨੇ ਕਿ ਮੇਰੀ ਧਾਰ ਸੋਧਰਾ- ਕੋਪਰਾ ਰੇਲਵੇ ਸਟੇਸ਼ਨ ਤੋਂ ਡੇਢ ਦੋ ਮੀਲਾਂ ਤਕ ਦਖਣ ਪੂਰਬ ਵਲ ਨੂੰ ਚਲਦੀ ਸੀ, ਪਰ ਫੇਰ ਗੁਆਚ ਜਾਂਦੀ ਸੀ। ਪਰ ਕਿਥੇ ?

ਮੇਰੀ ਧਾਰ ਤਾਂ ਕਦੀ ਵੀ ਨਹੀਂ ਸੁਕੀ। ਬਸ ਮੈਂ ਤੁਹਾਨੂੰ ਦਸਿਆ ਤਾਂ ਹੈ ਕਿ ਮੇਰਾ ਇਕ ਹਿਸਾ ਵਰਖਾ ਦੇ ਮੌਸਮ ਵਿਚ ਚਿਨਾਬ ਨਾਲ ਜਾ ਰਲਦਾ ਸੀ। ਜੇਕਰ ਚਿਨਾਬ ਨਾਲ ਨਾ ਰਲਦਾ ਤਾਂ ਚੌਗਿਰਦੇ ਵਿਚ ਪਸਰ ਕੇ ਫਸਲਾਂ ਨੂੰ ਤਬਾਹ ਕਰਦਾ ਤੇ ਲੋਕਾਂ ਦੇ ਕਹਿਰ ਦਾ ਭਾਗੀਦਾਰ ਬਣਦਾ ਤੁਸੀਂ ਦਸੋ। ਮੇਰੇ ਲਈ ਕਿਹੜੀ ਗੱਲ ਠੀਕ ਸੀ ?

ਕਿਲਾਸ਼ਕੋ ਤੋਂ ਅਗੇ ਤਕ ਵੀ ਤੁਸੀਂ ਮੇਰੇ ਨਾਲ ਚਲ ਸਕਦੇ ਹੋ।

ਜੀ ਹਾਂ, ਕਨਿੰਘਮ ਨੇ ਮੇਰੇ ਪਾਣੀਆਂ ਨਾਲ ਬੜੀ ਹਮਦਰਦੀ ਸਦਕਾ ਮੇਰ ਇਤਿਹਾਸ ਬਾਰੇ ਬਹੁਤ ਕੁਝ ਜਾਣ ਲਿਆ। ਜਿਹੜੇ ਲੋਕ ਸਾਡੇ ਨਾਲ ਹਮਦਰਦੀ ਕਰਦੇ ਨੇ, ਉਹ ਸਾਡੇ ਦਿਲ ਦੀਆਂ ਤਹਿਆਂ ਤਕ ਪੁਜ ਜਾਂਦੇ ਨੇ। ਨਹੀਂ ?

ਪਤਾ ਨਹੀਂ ਮੈਂ ਤੁਹਾਨੂੰ ਆਪਣੇ ਬਾਰੇ ਚੰਗੀ ਤਰ੍ਹਾਂ ਕੁਝ ਦਸ ਸਕਿਆ ਹਾਂ ਕਿ ਨਹੀਂ ਪਰ ਇਹ ਹਕੀਕਤ ਹੈ ਕਿ ਮੇਰਾ ਬੜਾ ਵਿਸ਼ਾਲ ਰੂਪ ਸੀ ਅਤੇ ਮੈਂ ਆਪਣਾ ਬਹੁਤ ਸਾਰਾ ਪਾਣੀ ਇਕ ਵਾਰ ਵਜ਼ੀਰਾਬਾਦ ਦੇ ਨੇੜੇ ਚਿਨਾਬ ਨੂੰ ਦਿੰਦਾ ਸਾਂ ਅਤੇ ਦੂਸਰੀ ਵਾਰ ਸ਼ੋਰਕੋਟ ਅਤੇ ਮੁਲਤਾਨ ਵਿਚਕਾਰ। ਜਿਥੇ ਕਿ ਰਾਵੀ, ਚਿਨਾਬ ਨਾਲ ਮਿਲਦੀ ਹੈ।

ਜਦੋਂ ਰਾਵੀ ਨੇ ਪਾਸਾ ਮੋੜਕੇ ਉਤਰ ਵਲ ਨੂੰ ਵਧਣਾ ਸ਼ੁਰੂ ਕਰ ਦਿਤਾ ਤਾਂ ਮੇਰੀ ਧਾਰ ਉਸਨੇ ਆਪਣੇ ਨਾਲ ਰਲਾ ਲਈ, ਜਿਸ ਕਰਕੇ ਲੋਕ ਕਹਿੰਦੇ ਨੇ ਕਿ ਮੈਂ ਚਿਨਾਬ ਦਾ ਨਹੀਂ, ਸਗੋਂ ਰਾਵੀ ਦਾ ਸਹਾਇਕ ਬਣ ਗਿਆ ਹਾਂ।

ਬਸ ਇਹੋ ਹੀ ਸਮੇਂ ਦੀ ਗਤੀ ਹੈ !

ਕਦੀ ਉਹ ਵੀ ਸਮਾਂ ਸੀ ਕਿ ਮੈਂ ਇਕ ਖ਼ੁਦਮੁਖ਼ਤਾਰ ਦਰਿਆ ਸਾਂ। ਪਰ ਹਾਲਤ ਨੇ ਕੁਝ ਇਸ ਤਰ੍ਹਾਂ ਦਾ ਰੁੱਖ ਬਦਲਿਆ ਕਿ ਮੇਰਾ ਬਹੁਤ ਸਾਰਾ ਪਾਣੀ ਵਜ਼ੀਰਾਬਾਦ ਨੇੜੇ ਹੀ ਚਿਨਾਬ ਵਿਚ ਜਾਣ ਲਗ ਪਿਆ ਅਤੇ ਮੁਲਤਾਨ ਦੇ ਨੇੜੇ ਜਿਹੜਾ ਪਾਣੀ ਚਿਨਾਬ ਵਿਚ ਜਾਂਦਾ ਸੀ, ਉਹ ਨੂੰ ਰਾਵੀ ਨੇ ਸਮੇਟ ਲਿਆ। ਬਲਕਿ ਉਸ ਪਾਣੀ ਦੀ ਮਿਕਦਾਰ ਹੀ ਏਨੀ ਘਟ ਗਈ ਕਿ ਲੋਕਾਂ ਨੇ ਮੈਨੂੰ ਅਣ ਡਿੱਠ ਹੀ ਕਰ ਦਿਤਾ।

ਸਿਕੰਦਰ ਦੇ ਹਮਲੇ ਵੇਲੇ ਤਾਂ ਸਾਡੇ ਪੰਜਾਬੀ ਵੀਰਾਂ ਨੇ ਕਾਫੀ ਰੋਹ ਵਿਖਾਇਆ ਜਿਸ ਤੋਂ ਪਤਾ ਲਗਦਾ ਸੀ ਕਿ ਉਨ੍ਹਾਂ ਨੂੰ ਆਪਣੀ ਧਰਤੀ ਨਾਲ ਬੜਾ ਮੋਹ ਹੈ, ਪਰ ਜਿਉਂ ਜਿਉਂ ਸਮਾਂ ਬੀਤਦਾ ਗਿਆ, ਇਹ ਪਤਾ ਨਹੀਂ ਕਿਉਂ ਧਰਤੀ ਦਾ ਮੋਹ ਛਡ ਕੇ ਉਪਰਾਮ ਹੁੰਦੇ ਗਏ ਨੇ।

ਬੋਧੀ ? ਹਾਂ, ਬਹੁਤ ਸਾਰੇ ਲੋਕ ਬੋਧੀ ਹੋ ਗਏ ਸਨ, ਪਰ ਇਸ ਦਾ ਇਹ ਮਤਲਬ ਤਾਂ ਨਹੀਂ ਸੀ ਕਿ ਲੋਕ ਸਵੈ ਰਖਿਆ ਲਈ ਹਥਿਆਰ ਹੀ ਨਾ ਚੁਕਣ ? ਪਰ ਇਹ ਹਕੀਕਤ ਹੈ ਕਿ ਲੋਕਾਂ ਨੇ ਹਥਿਆਰ ਚੁਕਣੇ ਛਡ ਦਿਤੇ ਸਨ ਅਤੇ ਵਿਦੇਸ਼ੀ ਧਾੜਵੀ ਪੰਜਾਬ ਦੀ ਧਰਤੀ ਨੂੰ ਵੀ ਲਤਾੜਣ ਲਗ ਪਏ।

ਹੈ ਨਾ ਹੈਰਾਨੀ ਵਾਲੀ ਗੱਲ !

ਸੂਰਮਿਆਂ ਦੀ ਧਰਤੀ ਨੂੰ ਵੀ ਲੋਕਾਂ ਨੇ ਤਬਾਹ ਕਰ ਦਿਤਾ।

ਬੋਧੀਆਂ ਤੋਂ ਮਗਰੋਂ ਆਏ ਸਿੱਧ ਜੋਗੀ ਅਤੇ ਨਾਥ। ਉਨ੍ਹਾਂ ਨੇ ਪੂਰਨ ਵਰਗੇ ਸਿਦਕਵਾਨ ਅਤੇ ਜਤੀ ਸਤੀ ਨੂੰ ਵੀ ਜੋਗੀ ਬਣਾ ਦਿਤਾ। ਸਿਆਲਕੋਟ ਕਿਵੇਂ ਜੀਉਂਦਾ ਰਹਿੰਦਾ ?

ਹਾਂ; ਤੁਸੀਂ ਨਹੀਂ ਜਾਣਦੇ। ਮੈਂ ਤਕਿਆ ਹੈ ਪੂਰਨ ਦਾ ਜਲਵਾ। ਉਹ ਆਪਣੇ ਵੇਲੇ ਵਿਚ ਪੰਜਾਬ ਲਈ ਕੁਝ ਕਰ ਸਕਦਾ ਸੀ, ਪਰ ਉਹ ਤਾਂ ਜੋਗੀ ਹੋ ਗਿਆ .....ਅਤੇ ਲੂਣਾ ਦਾ ਪੁਤਰ ਰਸਾਲੂ ਕੋਕਲਾਂ ਵਰਗੀ ਛਟੀ ਹੋਈ ਰੰਨ ਨਾਲ ਰਹਿਕੇ ਤਬਾਹ ਹੋ ਗਿਆ।

ਗੁਰੂ ਨਾਨਕ ਨੇ ਲੋਕ ਹਿਤ ਲਈ ਜੋ ਕੁਝ ਕੀਤਾ ਉਹ ਤਾਂ ਤੁਸੀਂ ਵੀ ਜਾਣਦੇ ਹੋ, ਪਰ ਹਾਲੇ ਤਕ ਵੀ ਜੇਕਰ ਜਾਗੀਰਦਾਰ ਹੀ ਪੰਜਾਬ ਦੀ ਧਰਤੀ ਨੂੰ ਕੋ ਸਰ ਦੇ ਰੋਗ ਵਾਂਗ ਚੰਬੜੇ ਹੋਏ ਨੇ, ਤਾਂ ਕੀ ਕੀਤਾ ਜਾਵੇ ?

ਮੇਰਾ ਪ੍ਰਭਾਵ ?

ਮਹਾਨ ਪੰਜਾਬੀ ਪੁਤਰ ਪਾਣਿਨੀ ਨੇ ਆਪਣੇ ਗਰੰਥ ਅਸ਼ਟ ਅਧਿਆਈ ਵਿਚ ਜੋ ਕੁਝ ਮੇਰੇ ਬਾਰੇ ਕਿਹਾ ਹੈ, ਉਹ ਤਾਂ ਤੁਸੀਂ ਪੜ੍ਹ ਹੀ ਲਿਆ ਹੋਵੇਗਾ।

ਹੋਰ ?

ਕੀ ਤੁਹਾਨੂੰ ਪਤਾ ਨਹੀਂ ਕਿ ਜਦੋਂ ਸਿਕੰਦਰ ਚਿਨਾਬ ਵਾਸਤੇ ਕੋਈ ਨਾਂ ਲਭ ਰਿਹਾ ਸੀ ਤਾਂ ਉਸਨੇ ਚੰਦਰ ਭਾਗਾ ਜਾਂ ਉਸ ਦੇ ਪਹਾੜੀ ਸਹਾਇਕ ਦਰਿਆ ਮਾਰੂਧਵਰਧਾ ਨੂੰ ਨਹੀਂ ਗੌਲਿਆ, ਸਗੋਂ ਮੇਰੇ ਨਾਂ ਐਕ ਨਾਲ ਹੀ ਚਿਨਾਬ ਦਾ ਨਾਂ ਅਕਿਸਿਨੀਜ਼ ਕਰ ਦਿਤਾ ਸੀ।

ਹੁਣ ਤੁਸੀਂ ਵੇਖੋ ਕਿ ਇਹ ਵੈਦਿਕ ਜੁਗ ਦੀ ਅਸਿਕਨੀ ਨਾਲ ਮਿਲਦਾ ਹੈ ਜਾਂ ਕਿ ਐਕ ਨਾਲ ?

ਕੀ ? ਹੁਣ ਮੇਰੀ ਉਹ ਸ਼ਾਨ ਸ਼ੌਕਤ ਕਿਉਂ ਨਹੀਂ ਰਹੀ ?

ਤੁਸੀਂ ਜਾਣਦੇ ਨਹੀਂ ਕਿ ਜਦੋਂ ਮਾਪੇ ਹੀ ਗਰੀਬੜੇ ਹੋ ਜਾਣ ਤਾਂ ਬੱਚਿਆਂ ਦੇ ਚਿਹਰਿਆਂ ਤੇ ਰੌਣਕਾਂ ਕਿਥੇ ਰਹਿੰਦੀਆਂ ਨੇ ? ਮੇਰੇ ਸੋਮੇ ਕੋਲ ਨਾ ਤੇ ਹੁਣ ਬਹੁਤੀ ਵਰਖਾ ਹੁੰਦੀ ਹੈ ਅਤੇ ਨਾ ਹੀ ਬਰਫ ਪੈਂਦੀ ਹੈ, ਮੈਂ ਕਿਵੇਂ ਜੀਵਾਂ ?

ਪਤਾ ਨਹੀਂ ਮੈਂ ਤੁਹਾਨੂੰ ਆਪਣੀ ਗੱਲ ਪੂਰੀ ਤਰ੍ਹਾਂ ਕਹਿ ਸਕਿਆ ਹਾਂ ਕਿ ਨਹੀਂ, ਪਰ ਤੁਸਾਂ ਮੇਰੇ ਵਲ ਏਨਾ ਧਿਆਨ ਦਿਤਾ, ਤੁਹਾਡੀ ਇਸ ਹਮਦਰਦੀ ਲਈ ਸ਼ੁਕਰੀਆਂ। ਵਰਨਾ ਲੋਕ ਤਾਂ ਹੁਣ ਸਤਲੁਜ ਨੂੰ ਵੀ ਅਣ ਡਿੱਠ ਕਰੀ ਬੈਠੇ ਨੇ।●

Sri Satguru Jagjit Singh Ji Elibrary NamdhariElibrary@gmail.com

ਨਾਰਦ

ਸਾਡੇ ਪੁਰਾਣ ਨਾਰਦ ਦੀਆਂ ਕਥਾਵਾਂ ਨਾਲ ਭਰੇ ਪਏ ਹਨ।

ਦੇਵ ਰਿਸ਼ੀ ਨਾਰਦ ਨੂੰ ਬ੍ਰਹਮਾ ਦਾ ਮਾਨਸ ਪੁਤਰ ਕਿਹਾ ਜਾਂਦਾ ਹੈ। ਨਾਰਦ ਦੀ ਸਭ ਤੋਂ ਵੱਡੀ ਸਿਫਤ ਇਹ ਰਹੀ ਹੈ ਕਿ ਉਹਨੇ ਜ਼ਿੰਦਗੀ ਦਾ ਸਾਰਾ ਹੀ ਸਮਾਂ ਮਹਾਨ ਦੇਵਤਿਆਂ ਦੇ ਸੰਪਰਕ ਵਿਚ, ਉਨ੍ਹਾਂ ਦੀ ਭਗਤੀ ਤੇ ਸੇਵਾ ਕਰਦਿਆਂ ਬਤੀਤ ਕੀਤਾ ਸੀ। ਤਦੇ ਹੀ ਉਸਨੂੰ ਪਰਮ ਭਗਵਤ ਭਗਤ, ਭਗਵੰਦ ਗੁਣ ਗਾਇਕ ਦੇਵ ਰਿਸ਼ੀ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਸੀ।

ਨਾਰਦ ਜੀ ਦਾ ਸਭ ਤੋਂ ਵੱਡਾ ਕਾਰਜ ਇਹ ਸੀ ਕਿ ਉਹ ਇਕ ਲੋਕ (ਪ੍ਰਿਥਵੀ) ਦੇ ਸਮਾਚਾਰ ਦੂਸਰੇ ਲੋਕ (ਸਵ੍ਰਗ) ਵਿੱਚ ਪਹੁੰਚਾਇਆ ਕਰਦੇ ਸਨ। ਜਦੋਂ ਕਦੀ ਵੀ ਦੇਵਤਿਆਂ ਤੇ ਸੰਕਟ ਆਉਂਦਾ ਸੀ ਤਾ ਨਾਰਦ ਜੀ ਉਨ੍ਹਾਂ ਦੇ ਦੁਖੜੇ ਨੂੰ ਵਡੇ ਦੇਵਤਿਆਂ ਕੋਲ ਪਹੁੰਚਾਕੇ, ਉਨ੍ਹਾਂ ਨੂੰ ਛੋਟੇ ਦੇਵਤਿਆਂ ਦੀ ਸਹਾਇਤਾ ਕਰਨ ਦੀ ਪ੍ਰੇਰਨਾ ਕਰਿਆ ਕਰਦੇ ਸਨ।

ਭਾਗਵਤ ਵਿਚ ਨਾਰਦ ਜੀ ਨੂੰ ਸਭ ਕੁਝ ਜਾਣਨ ਵਾਲੇ, ਸਭਨਾਂ ਭੇਤਾਂ ਦੇ ਗਿਆਤਾ, ਸੂਰਜ ਵਾਂਗ ਤ੍ਰਿਲੋਕੀ ਵਿਚ ਘੁੰਮਣ ਵਾਲੇ ਅਤੇ ਹਵਾ ਵਾਂਗ ਸਭਨਾਂ ਦੇ ਅੰਦਰ-ਬਾਹਰ ਵਿਚਰਣ ਵਾਲੇ ਰਿਸ਼ੀ ਦੇ ਰੂਪ ਵਿਚ ਸਾਕਾਰ ਕੀਤਾ ਗਿਆ ਹੈ।

ਵਿਸ਼ਨੂ ਪੁਰਾਣ ਵਿਚ ਆਉਂਦਾ ਹੈ ਕਿ ਬ੍ਰਹਮਾ ਨੇ ਆਪਣੇ ਸਭਨਾਂ ਪੁਤਰਾਂ ਤੇ ਪੋਤਰਿਆਂ ਨੂੰ ਸ੍ਰਿਸ਼ਟੀ ਦੇ ਕੰਮ ਵਿਚ ਲਾਇਆ। ਦਕਸ਼ ਪ੍ਰਜਾਪਤੀ ਨੇ ਵੀਰਣ ਪ੍ਰਜਾਪਤੀ ਦੀ ਧੀ ਅਸਿਕਨੀ ਦੀ ਕੁਖੋਂ ਦਸ ਹਜ਼ਾਰ ਪੁਤਰ ਪੈਦਾ ਕੀਤੇ ਅਤੇ ਉਨ੍ਹਾਂ ਨੂੰ ਪ੍ਰਜਾ ਦੀ ਸ੍ਰਿਸ਼ਟੀ ਦੇ ਕੰਮ 'ਚ ਲਾ ਦਿਤਾ। ਪਰ ਨਾਰਦ ਨੇ ਉਨ੍ਹਾਂ ਨੂੰ ਆਪਣੇ ਉਪਦੇਸ਼ ਨਾਲ ਸਿਰਜਣਾ ਦੇ ਕੰਮ ਤੋਂ ਰੋਕ ਦਿਤਾ। ਦਕਸ਼ ਪ੍ਰਜਾ ਪਤੀ ਨੇ ਫੇਰ ਕਈ ਹਜ਼ਾਰ ਪੁਤਰਾਂ ਦੀ ਸਿਰਜਣਾ ਕੀਤੀ. ਪਰ ਨਾਰਦ ਨੇ ਫੇਰ ਉਨ੍ਹਾਂ ਨੂੰ ਰੋਕ ਦਿਤਾ ਕਿ ਉਹ ਹੋਰ ਪ੍ਰਜਾ ਦੀ ਸਿਰਜਣਾ ਨਾ ਕਰਨ। ਇਸ ਗੱਲ ਤੇ ਦਕਸ਼ ਨੇ ਨਾਰਦ ਨੂੰ ਸਰਾਪ ਦਿਤਾ ਸੀ—

'ਤੂੰ ਹਰ ਵੇਲੇ ਭਟਕਦਾ ਹੀ ਰਹੇਂਗਾ। ਕਿਤੇ ਵੀ ਟਿਕ ਕੇ ਨਹੀਂ ਬੈਠੇਂਗਾ।'

ਬ੍ਰਹਮਾ ਦੇ ਕੋਲ ਨਾਰਦ ਹਰ ਵੇਲੇ ਸੁੰਦਰ ਨਾਰੀਆਂ ਨਾਲ ਘਿਰਿਆ ਰਹਿੰਦਾ ਸੀ ਕਿਉਂਕਿ ਅੰਤਾਂ ਦਾ ਸੁੰਦਰ ਸਰੂਪ ਸੀ। ਇਸ ਗੱਲ ਤੋਂ ਦੁਖੀ ਹੋ ਕੇ ਬ੍ਰਹਮਾ ਨੇ ਨਾਰਦ ਨੂੰ ਸਰਾਪ ਦਿਤਾ ਕਿ ਅਗਲੇ ਜਨਮ ਵਿਚ ਉਹ ਸ਼ੂਦਰਵੰਸ ਵਿਚ ਪੈਂਦਾ ਹੋਵੇਗਾ। ਇਸੇ ਤਰ੍ਹਾਂ ਹੀ ਹੋਇਆ ਪਰ ਨਾਰਦ ਨੇ ਆਪਣੀ ਭਗਤੀ ਨਾਲ ਆਪਣੇ ਸ਼ੂਦਰਵੰਸ ਨੂੰ ਵੀ ਸੁਧਾਰ ਲਿਆ।

ਇਕ ਵਾਰ ਕਾਮਦੇਵ ਤੇ ਫਤਹਿ ਪ੍ਰਾਪਤ ਕਰਨ ਕਰਕੇ ਜਦੋਂ ਨਾਰਦ ਨੂੰ ਘੁਮੰਡ ਹੋ ਗਿਆ ਤਾਂ ਭਗਵਾਨ ਨੇ ਸੋਝੀ ਕਰਾਣ ਲਈ ਨਾਰਦ ਦਾ ਮੁਖੜਾ ਬਾਂਦਰ ਵਰਗਾ ਕਰ ਦਿਤਾ। ਪਰ ਜਦੋਂ ਉਸ ਦਾ ਹੰਕਾਰ ਟੁਟ ਗਿਆ ਤਾਂ ਉਹ ਦਾ ਸੁੰਦਰ ਸਰੂਪ ਫੇਰ ਪਰਤ ਆਇਆ।

ਨਾਰਦ ਜੀ ਵੇਦਾਂਤ, ਯੋਗ, ਜੋਤਿਸ਼, ਵੈਦਗੀ, ਸੰਗੀਤ ਸ਼ਾਸਤਰ ਆਦਿ ਦੇ ਗਿਆਨੀ ਹਨ। ਭਗਤੀ ਭਾਵ ਦੇ ਵੀ ਨਾਰਦ ਜੀ ਮੁਖ ਗਿਆਨੀ ਹਨ। ਇਨ੍ਹਾਂ ਦਾ ਮੁਖ ਗ੍ਰੰਥ 'ਪਾਂਚਰਾਤਰ' ਭਾਗਵਤ ਮਾਰਗ ਦੀ ਮਹਾਨ ਰਚਨਾ ਹੈ।

ਦੇਵਤੇ ਅਤੇ ਰਾਖਸ਼ ਨਾਰਦ ਜੀ ਦਾ ਇਕੋ ਜਿਹਾ ਆਦਰ ਕਰਦੇ ਸਨ। ਭਗਵਾਨ ਕ੍ਰਿਸ਼ਣ ਨੇ ਵੀ ਨਾਰਦ ਜੀ ਦੀ ਬੜੀ ਪ੍ਰਸੰਸਾ ਕੀਤੀ ਸੀ।

ਕਹਿੰਦੇ ਨੇ ਕਿ ਨਾਰਦ ਨੇ ਸੰਗੀਤ ਦੀ ਵਿਦਿਆ ਬ੍ਰਹਮਾ ਜੀ ਤੋਂ ਸਿਖੀ ਸੀ ਪਰ ਜਦੋਂ ਉਸ ਨੂੰ ਆਪਣੀ ਸੰਗੀਤ ਵਿਦਿਆ ਤੇ ਬਹੁਤ ਹੀ ਘੁਮੰਡ ਹੋ ਗਿਆ ਤਾਂ ਭਗਵਾਨ ਕ੍ਰਿਸ਼ਣ ਜੀ ਉਸਨੂੰ ਹਿਮਾਂਲਾ ਦੀਆਂ ਚੋਟੀਆਂ ਵੱਲ ਲੈ ਗਏ। ਰਾਹ ਵਿਚ ਬਹੁਤ ਸਾਰੇ ਪੱਥਰ ਪਏ ਹੋਏ ਸਨ ਅਤੇ ਹਾਏ-ਹਾਏ ਕਰ ਰਹੇ ਸਨ। ਨਾਰਦ ਨੇ ਕ੍ਰਿਸ਼ਨ ਜੀ ਨੂੰ ਪੁਛਿਆ ਕਿ ਇਹ ਕੌਣ ਲੋਕ ਨੇ? ਕ੍ਰਿਸ਼ਨ ਨੇ ਕਿਹਾ— 'ਇਹ ਰਾਗ ਅਤੇ ਰਾਗਣੀਆਂ ਹਨ।'

'ਇਨ੍ਹਾਂ ਨੂੰ ਕੀ ਤਕਲੀਫ ਹੈ?'
'ਇਹ ਜ਼ਖ਼ਮੀ ਹੋ ਗਏ ਨੇ।'
'ਇਨ੍ਹਾਂ ਨੂੰ ਕਿਸਨੇ ਜ਼ਖਮੀ ਕੀਤਾ ਹੈ?'
'ਤੁਸਾਂ।'
'ਕਿਵੇਂ?'
'ਗ਼ਲਤ ਢੰਗ ਨਾਲ ਵਜਾ-ਵਜਾਕੇ।'

ਨਾਰਦ ਨੂੰ ਆਪਣੀ ਸੰਗੀਤ ਵਿਦਿਆ ਦਾ ਘੁਮੰਡ ਨਾ ਰਿਹਾ ਤੇ ਉਹਨੇ ਕ੍ਰਿਸ਼ਣ ਨੂੰ ਬੇਨਤੀ ਕੀਤੀ ਕਿ ਉਹ ਅਸਲੀ ਸੰਗੀਤ ਵਿਦਿਆ ਕਿਸ ਤੋਂ ਸਿਖਣ?

'ਸ਼ਿਵਜੀ ਕੋਲੋਂ।'
'ਫੇਰ ਤੁਸੀਂ ਮੇਰੀ ਸਿਫਾਰਿਸ਼ ਕਰੋ।'

ਨਾਰਦ ਨੇ ਸੰਗੀਤ ਵਿਦਿਆ ਸਿਖਣ ਲਈ ਸ਼ਿਵਜੀ ਦੀ ਸ਼ਾਗਿਰਦੀ ਕੀਤੀ ਅਤੇ ਵੀਣਾ ਵਾਦਨ ਵਿਚ ਉਸਤਾਦ ਹੋ ਗਏ।

ਨਾਰਦ ਜੀ ਨੂੰ ਲਗਾਈ-ਬੁਝਾਈ ਦੀ ਵੀ ਆਦਤ ਹੈ ਪਰ ਲੋਕ ਜਾਣਦੇ ਨੇ ਕਿ ਉਹ ਦਿਲ ਦੇ ਮਾੜੇ ਨਹੀਂ ਹਨ, ਜਿਸ ਕਰਕੇ ਕੋਈ ਵੀ ਉਨ੍ਹਾਂ ਨੂੰ ਬੁਰਾ ਨਹੀਂ ਕਹਿੰਦਾ।

ਨਾਰਦ ਜੀ ਹੁਣ ਵੀ ਲੋਕਾਂ ਵਿਚ ਵਸਦੇ ਨੇ, ਅਤੇ ਹਰ ਵੇਲੇ ਸਾਡੇ ਨਾਲ ਰਹਿੰਦੇ ਨੇ। ●

ਸੰਕਲਨ: ਜ. ਸ. ਵਿਰਦੀ

Sri Satguru Jagjit Singh Ji Elibrary NamdhariElibrary@gmail.com

ਵਹਿਮੀ ਜੀ ਦੀ ਲਿਖਤ

ਸਵ : ਸੰਤ ਇੰਦਰ ਸਿੰਘ 'ਚਕ੍ਰਵਰਤੀ'

ਆਪ ਜੀ ਦੀ ਲਿਖਤ ਵਿਚ ਕੋਰੀ ਤੇ ਖੁਸ਼ਕ ਦਾਰਸ਼ਨਿਕਤਾ ਨਹੀਂ, ਸਗੋਂ ਮਿਤਰ ਵਿਯੋਗ ਦੀਆਂ ਕਸਕਾਂ, ਚੀਸਾਂ, ਹੌਕੇ, ਹਾਵੇ ਹਨ ਤੇ ਝੋਰੇ ਹਨ, ਜਿਨਾਂ ਨੂੰ ਪੜ੍ਹਦਿਆਂ ਹੀ ਪਰਦੇਸੀ ਪ੍ਰੀਤਮ ਦੀ ਯਾਦ ਬਿਹਬਲ ਕਰਕੇ ਦਿਲ ਨੂੰ ਝਕਝੋਲ ਦੇਂਦੀ ਹੈ। ਆਪ ਜੀ ਦੇ ਇਕ ਕਬਿਤ ਦਾ ਕੋਈ ਨਾ ਕੋਈ ਚਰਨ ਮੇਰੀ ਜ਼ਬਾਨ ਤੇ ਸਦਾ ਹੀ ਚੜ੍ਹਿਆ ਰਹਿੰਦਾ ਹੈ, ਅਜਿਹਾ ਦਿਨ ਸ਼ਾਇਦ ਹੀ ਕਦੀ ਆਇਆ ਹੋਵੇ ਜਦ ਇਸਦੀ ਯਾਦ ਵਿਚ ਮੈਂ ਮਸਤਾਨਾ ਨਾ ਹੋਇਆ ਹੋਵਾਂ। ਭਾਵੇਂ ਆਪ ਜੀ ਨੇ ਨਸਰ ਨਜ਼ਮ ਸ਼ਬਦ ਚਿਤ੍ਰ ਬੜਾ ਕਾਫੀ ਕੁਝ ਲਿਖਿਆ ਹੈ ਪਰ ਜੇ ਏਨਾਂ ਹੋਰ ਕੁਝ ਵੀ ਨਾ ਲਿਖ ਕੇ ਕੇਵਲ ਤੇ ਕੇਵਲ ਇਹ ਇਕ ਹੀ ਕਬਿਤ ਲਿਖਿਆ ਹੁੰਦਾ ਤਦ ਵੀ ਮੈਂ ਇਹਨਾਂ ਨੂੰ ਕਵੀ ਜਾਂ ਲਿਖਾਰੀ ਹੀ ਮੰਨਦਾ। ਕਿੰਨਾ ਦਰਦ, ਕਿੰਨਾ ਵਿਯੋਗ ਤੇ ਫਿਰਾਕ ਭਰਿਆ ਪਿਆ ਹੈ, ਇਸ ਕਬਿਤ ਵਿਚ। ਕਿੰਨੀ ਵੇਦਨਾ, ਕਿੰਨਾ ਤਰਲਾ ਹੈ। ਮੈਂ ਜਦ ਵੀ ਇਸ ਨੂੰ ਪੜਦਾ ਹਾਂ ਤਦੋ ਉਸ ਪਰਦੇਸੀ ਪ੍ਰੀਤਮ ਦੀ ਤਸਵੀਰ ਅਖਾਂ ਅਗੇ ਆ ਕੇ ਦਿਲ ਕਿਸੇ ਹਰੇਸ ਦੁਨੀਆ ਵਿਚ ਹੀ ਪੁਜ ਜਾਂਦਾ ਹੈ :—

"ਲੋਕ ਕਰੇ ਹਾਸੀ ਨਾ ਉਦਾਸੀ ਵੀ ਖਲਾਸੀ ਕਰੇ,
ਪ੍ਰੀਤਮ ਵਦੇਸ ਵਾਸੀ ਖਾਸੀ ਦੇਰੀ ਲਾਈ ਏ।
ਆਸੀ ਇਸ ਦਾਸੀ ਨੂੰ ਚੁਰਾਸੀ ਜੁੱਗ ਬੀਤ ਚੁਕੇ,
ਸੁਕੇ ਉਕੇ ਅਂਸੂ ਭੀ ਨਾ ਨਸੀ ਨਾ ਜੁਦਾਈ ਏ।
ਹੋਵੇ ਮੇਰਾ ਹੇਤੀ ਉਹਦਾ ਭੇਤੀ ਏਤੀ ਪੀਆ ਸੇਤੀ,
ਕਹੇ ਆਵੇ ਛੇਤੀ ਸਿੱਖੀ ਖੇਤੀ ਮੁਰਝਾਈ ਏ।
ਲੁਟ ਲਿਆ ਵਹਿਮੀ ਨਾਮਾ ਨੀਮਾ ਵੇ ਹਕੀਮਾਂ ਨੀਮਾਂ,
ਤੇਰੇ ਪਾਸ ਪ੍ਰੀਤਮਾ ਯਤੀਮਾਂ ਦੀ ਦਵਾਈ ਏ।

ਸਚ ਮੁਚ ਵਹਿਮੀ ਦੀ ਦਵਾਈ, ਉਸ ਪ੍ਰਦੇਸੀ ਪ੍ਰੀਤਮ ਸਤਿਗੁਰੂ ਵੈਦ ਕੋਲ ਹੀ ਹੈ, ਹੋਰਸ ਕੋਈ ਇਸ ਦੁਖ ਦੀ ਕਾਰੀ ਕਿਸੇ ਨੀਮ ਹਕੀਮ ਤੇ ਕੀ ਕਰਨੀ ਸੀ : ਅਫਲਾਤੂ ਤੇ ਧਨੰਤ੍ਰ ਵੀ ਨਹੀਂ ਕਰ ਸਕਦੇ, ਇਹਨਾਂ ਦੁਖਾਂ ਦੀਆਂ ਹੋਰ ਹੀ ਦਵਾਈਆਂ ਨੇ,.....।

'ਵਹਿਮੀ' ਸਪੁਤਰਾਂ ਨਾਮ :

ਸ਼ੋਕ ਸੰਦੇਸ਼

ਸ੍ਰੀ ਮਹਾਰਾਜ ਬੀਰ ਸਿੰਘ ਜੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸ੍ਰੀਮਾਨ ਸਾਧੂ ਸਿੰਘ ਜੀ ਬਲੀ ਸਿੰਘ ਜੀ ਗੁਰਦੇਵ ਸਿੰਘ ਜੀ ਅਤੇ...............ਜੀ।

ਸਤਿ ਸ੍ਰੀ ਅਕਾਲ

ਕੱਲ ਟੈਲੀਫੋਨ ਤੇ ਸ੍ਰੀ ਸਤਿਗੁਰੂ ਜੀ ਪਾਸੋਂ ਪਤਾ ਲਗਾ ਹੈ ਕਿ ਸੰਤ ਤਰਨ ਸਿੰਘ ਜੀ ਚੜ੍ਹਾਈ ਕਰ ਗਏ ਹਨ। ਭਾਵੇਂ ਕਈ ਚਿਰ ਤੋਂ ਮਲੂਮ ਹੋ ਰਿਹਾ ਸੀ ਕਿ ਏਨਾ ਦੀ ਦੇਹ ਬੁਢਾਪੇ ਦੇ ਭਰਪੂਰ ਅਸਰ ਹੇਠ ਹੈ ਫਿਰ ਵੀ ਉਹਨਾਂ ਦੇ ਚੜ੍ਹਾਈ ਕਰ ਜਾਣ ਦੀ ਖਬਰ ਨੇ ਮਨ ਨੂੰ ਇਕ ਵਾਰੀ ਹਲੂਣ ਦਿਤਾ ਹੈ। ਤੁਸੀਂ ਸਾਰੇ ਹੀ ਭਾਵੇਂ ਆਪਣੇ ਕੰਮ ਕਾਰ ਆਪਣੀ ਜ਼ਿੰਮੇਵਾਰੀ ਨਾਲ ਹੀ ਕਈ ਚਿਰਾਂ ਤੋਂ ਕਰ ਰਹੇ ਹੋ। ਫਿਰ ਵੀ ਪਿਤਾ ਦਾ ਸਾਇਆਂ ਸਿਰ ਤੇ ਬੜਾ ਤਕੜਾ ਆਸਰਾ ਹੁੰਦਾ ਹੈ। ਜਿਸ ਤਰਾਂ ਦਾ ਤੁਹਾਡਾ ਉਨ੍ਹਾਂ ਨਾਲ ਸਬੰਧ ਸੀ, ਇਹ ਸਾਇਆ ਹਟਣਾ, ਅਸਰ ਕੀਤੇ ਬਿਨਾਂ ਨਹੀਂ ਰਹਿੰਦਾ।

ਬਚਪਨ ਤੋਂ ਹੀ ਮੈਂ ਉਹਨਾਂ ਨੂੰ ਕਵਿਤਾ ਸਣਾਉਂਦਿਆਂ ਅਤੇ ਸਤਿਜੁਗ ਵਿਚ ਲੇਖ ਅਤੇ ਕਵਿਤਾ ਲਿਖ ਕੇ ਛਪਵਾਉਂਦਿਆਂ ਵੇਖਦਾ ਰਿਹਾ ਹਾਂ। ਉਹਨਾਂ ਦੀ ਕਵਿਤਾ ਆਪਣਾ ਵਿਸ਼ੇਸ਼ ਥਾਂ ਰਖਦੀ ਸੀ। ਉਨਾਂ ਦੀ ਸਾਹਿਤਯਕ ਲਗਨ ਨੇ ਉਹਨਾਂ ਨੂੰ ਨਾਮਧਾਰੀ ਪੰਥ ਵਿਚ ਵਿਸ਼ੇਸ਼ ਸਥਾਨ ਤੇ ਲਿਆ ਖਲ੍ਹਾਰਿਆ ਸੀ।

ਮੈਨੂੰ ਨਹੀਂ ਪਤਾ ਤੁਹਾਡੀਆਂ ਸਾਰੇ ਭਰਾਵਾਂ ਦੀਆਂ ਕੀ ਕੀ ਰੁਚੀਆਂ ਹਨ। ਚਾਹੀਦਾ ਹੈ ਕਿ ਤੁਹਾੜੇ ਵਿਚੋਂ ਜੇ ਬਹੁਤੇ ਨਹੀਂ ਤਾਂ ਕੋਈ ਇਕ ਆਪਣੇ ਘਰ ਦੀ ਪ੍ਰੰਪਰਾ ਨੂੰ ਸਥਿਰ ਰਖੇ। ਲੋੜ ਇਸ ਗਲ ਦੀ ਹੈ ਜਿਵੇਂ ਉਨਾਂ ਨੇ ਆਪਣੇ ਘਰ ਦੇ ਕੰਮ ਕਾਰ ਆਪ ਹੀ ਕਰਦਿਆਂ ਹੋਇਆਂ ਨਾਮਧਾਰੀ ਸਾਹਿਤਯ ਵਿਚ ਯੋਗਦਾਨ ਦਿਤਾ ਹੈ। ਕਦੀ ਗੁਰੂ ਘਰ ਨੂੰ ਇਸਦੇ ਬਦਲ ਵਿਚ ਕੋਈ ਬੋਝ ਨਹੀਂ ਜਤਾਇਆ। ਇਸੇ ਤਰ੍ਹਾਂ ਦੀ ਲਗਨ ਤੁਹਾਡੇ ਮਨ੍ਹਾਂ ਵਿਚ ਵੀ ਹੋਵੇ। ਜਿਵੇਂ ਉਨਾਂ

Sri Satguru Jagjit Singh Ji Elibrary NamdhariElibrary@gmail.com

ਈਆਂ ਕਵਿਤਾਵਾਂ ਅਤੇ ਲੇਖਾਂ ਨੇ ਉਨਾਂ ਦਾ ਨਾਮ ਅਮਰ ਖਣਾ ਹੈ ਤੁਸੀਂ ਵੀ ਆਪਣੇ ਨਾਮ ਅਮਰ ਕਰ ਸਕਦੇ ਹੋ। ੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਹੋ ਅਰਦਾਸ ਕਰੋ ਕਿ ਦਰੋ ਉਹ ਲਗਣ ਉਠੇ ਜਿਸ ਦੀ ਸ਼ਕਤੀ ਨਾਲ ਪੰਥ ਦੀ ਵਾ ਕਰਨ ਦੇ ਯੋਗ ਹੋਈਏ।

ਰਧਾਂਜਲੀਆਂ

ਗਆਨੀ ਅਬਾਦੁਲਾ ਰਬਵਾਹ (ਪਾਕਿਸਤਾਨ)

ਵਹਿਮੀ ਜੀ ਮੇਰੇ ਚੰਗੇ ਮਿਤਰਾਂ ਵਿਚੋਂ ਸਨ। ਆਪ ਆਪਣੀ ਢੱਬ ਦੇ ਵੱਡੇ ਸੁਘੜ ਸੁਚੱਜੇ ਵਿਦਵਾਨ ਸਨ। ਾਪ ਨੇ ਕਈ ਪੁਸਤਕਾਂ ਆਪਣੀ ਸੋਹਣੀ ਯਾਦਗਾਰ ਛਡੀਆਂ ਨ ਜੋ ਆਉਣ ਵਾਲੇ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ੇਣਗੀਆਂ ਮੇਰੇ ਕੋਲ ਆਪਦੀਆਂ ਦੋ ਚਾਰ ਪੁਸਤਕਾਂ ਹਨ, ਨ੍ਹਾਂ, ਦੇ ਨਾਂ ਇਹ ਹਨ : (੧) ਨਦੇੜੋਂ ਬਾਦ ਦਸਮ ਗੁਰ ਰਸ਼ਨ (੨) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਾ ਜੀਵਨ (੩) ਸਾਫ ਪਾਣੀ (੪) ਪੰਜ ਨਿਰਨੇ (੫) ਸਚੁ ਰੈ ਸਭ ਕੋ। ਇਨ੍ਹਾਂ ਪੁਸਤਕਾਂ ਵਿਚ ਆਪ ਨੇ ਵੱਡੇ ਔਖੇ ਗੰਭੀਰ ਮਸਲਿਆਂ ਨੂੰ ਵੱਡੀ ਸੋਹਣੀ ਤਰ੍ਹਾਂ ਛੇੜਿਆ ਹੈ ਵੱਡੀ ਵਿਦਵਤਾ ਨਾਲ ਆਪਣਾ ਪੱਖ ਪੂਰਿਆ ਹੈ ਅਤੇ ਇਤਿਹਾਸ ਦੇ ਧਾਰੇ ਨੂੰ ਹੀ ਮੋੜ ਦਿਤਾ। ਇੰਨੇ ਗੰਭੀਰ ਸਲਿਆਂ ਤੇ ਕਲਮ ਚੁੱਕਣਾ ਤੇ ਵਡੀ ਸੁਚਜਤਾ ਨਾਲ ਆਪਣਾ ਪੱਖ ਪੂਰਨਾਂ ਜਣੇ ਖਣੇ ਦਾ ਕੰਮ ਨਹੀਂ। ਆਪ ਈਆਂ ਪੁਸਤਕਾਂ ਵਿਚ ਆਪ ਦੀਆਂ ਛਪੀਆਂ ਤਸਵੀਰਾਂ ਂ ਪਤਾ ਲਗਦਾ ਹੈ ਕਿ ਆਪ ਦਾ ਜੀਵਨ ਵੱਡਾ ਸਾਦਾ ਸੀ। ਸਧੇ ਸਾਧੇ ਕਪੜੇ ਤੇ ਸਿਰ ਤੇ ਸਿਧਾ ਦਸਤਾਰ ਆਪ ਦੀ ਭਾ ਨੂੰ ਉਜਾਗਰ ਕਰ ਰਿਹਾ ਹੈ ਅਤੇ ਦਸ ਰਿਹਾ ਹੈ ਕਿ ੁਦੜੀਆਂ ਵਿਚ ਹੀ ਲਾਲ ਹੋਇਆ ਕਰਦੇ ਹਨ।

... ...

. ਸਵਰਨ ਸਿੰਘ ਸਨੇਹੀ (ਐਮ. ਏ.)

ਮੈਂ ਆਪਣੇ ਪਿਛਲੇ ਜੀਵਨ ਵਿਚ ਉਨ੍ਹਾਂ ਕੋਲੋਂ ਕਾਫੀ ੍ਰੇਰਨਾ ਵੀ ਲਈ ਹੈ ਤੇ ਪਿਆਰ ਵੀ। ਮੈਂ ਸਮਝਦਾ ਸਾਂ ਕਿ ਮੇਰੇ ਵਰਗਿਆਂ ਨੂੰ ਉਨ੍ਹਾਂ ਦੀ ਅਗਵਾਈ ਦੀ ਅਜੇ ਬੜੀ ਲੋੜ ਸੀ ਇਸ ਕਰਕੇ ਵੀ ਉਨ੍ਹਾਂ ਦਾ ਕੁਵੇਲੇ ਦਾ ਵਿਛੋੜਾ ਮੇਰੇ ਵਰਗੇ ਕੁਛ ਨਵ-ਪੁੰਗਰਦੇ ਲਿਖਾਰੀਆਂ ਨੂੰ ਜਰੂਰ ਚੁਭਦਾ ਰਹੇਗਾ। ਮੈਨੂੰ ਪਤਾ ਹੈ ਕਿ ਅਜ ਤੋਂ ਕਿੰਨੇ ਹੀ ਸਾਲ ਪਹਿਲਾਂ ਮੈਂ ਵਹਿਮੀ ਹੋਰਾਂ ਦੀ ਪਰੇਰਨਾ ਕਾਰਨ ਹੀ ਸੋਰਠ ਬੀਜਾ ਕਵਿਤਾ ਵਿਚ ਲਿਖਣਾ ਸ਼ੁਰੂ ਕੀਤਾ ਸੀ।

ਵਹਿਮੀ ਜੀ ਨੇ ਆਪਣੀ ਲਗਨ ਤੇ ਮਿਹਨਤ ਨਾਲ ਜੋ ਪੰਥਕ ਸੇਵਾ ਕੀਤੀ ਹੈ ਪੰਥ, ਆਸ ਹੈ ਉਸ ਨੂੰ ਕਦੇ ਵੀ ਭੁਲਾ ਸਕੇਗਾ। ਨਾਮਧਾਰੀ ਸਾਹਿਤ ਤੇ ਇਤਿਹਾਸ ਦੇ ਖੇਤਰ ਵਿਚ ਜੋ ਕੁਝ ਵਹਿਮੀ ਜੀ ਨੇ ਨਦੇੜੋਂ ਬਾਦ, ਦਸਮੇਸ਼ ਦਰਸ਼ਨ ਤੇ ਜਸ ਜੀਵਨ ਲਿਖਕੇ ਕੀਤਾ ਹੈ ਉਹ ਆਪਣੇ ਥਾਂ ਮੀਲ ਪਥਰਾਂ ਤੋਂ ਕਿਸੇ ਤਰਾਂ ਵੀ ਘਟ ਨਹੀਂ। ਜਿਹੜਾ ਉਤਸ਼ਾਹ ਦੇਕੇ ਉਹਨਾਂ ਨੇ ਕਈ ਹੋਰ ਨੌਜਵਾਨਾ ਨੂੰ ਇਸ ਖੇਤਰ ਵਿਚ ਆਉਣ ਲਈ ਤਿਆਰ ਕਰਨ ਵਿਚ ਹਿਸਾ ਪਾਇਆ ਉਹ ਵੀ ਪ੍ਰਸੰਸਾ ਯੋਗ ਹੈ।

... ...

ਗਿਆਨੀ ਪ੍ਰਤਾਪ ਸਿੰਘ
ਐਡੀਟਰ ਗਿਆਨ ਅਮ੍ਰਿਤ
ਅਮ੍ਰਿਤਸਰ

ਸੰਤ ਤਰਨ ਸਿੰਘ ਜੀ ਵਹਿਮੀ ਆਪਣੀ ਜੀਵਨ ਯਾਤਰਾ ਸਫਲ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ ਬੜੇ ਸੁਹਿਰਦ ਹਰਮਨ ਪਿਆਰੇ ਤੇ ਖੋਜੀ ਪੁਰਸ਼ ਸਨ। ਉਹਨਾਂ ਦੇ ਸਦੀਵੀ ਵਿਛੋੜੇ ਨਾਲ ਨਾ ਕੇਵਲ ਪ੍ਰਵਾਰ ਨੂੰ ਹੀ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਬਲਕਿ ਸਾਰੀ ਨਾਮਧਾਰੀ ਸੰਗਤ ਨੂੰ ਇਕ ਅਤੁਟ ਲਗਨ ਤੇ ਉਤਸ਼ਾਹੀ ਸਜਨ ਦੀ ਘਾਟ ਪਈ ਹੈ।

... ...

ਸ੍ਰੀ ਅਰਜਨ ਦਾਸ ਮਲਿਕ
ਡੀ. ਸੀ. ਸੋਨੀਪਤ

ਵਹਿਮੀ ਜੀ ਦੀ ਪੰਜਾਬੀ ਸਾਹਿਤ, ਵਿਸ਼ੇਸ਼ ਕਰ ਨਾਮ-ਧਾਰੀ ਸਾਹਿਤ ਨੂੰ ਜੋ ਦੇਣ ਹੈ ਉਹ ਸਦਾ ਅਮਰ ਰਹੇਗੀ ਤੇ ਉਹਨਾਂ ਦਾ ਨਾਮ ਰੌਸ਼ਨ ਕਰੇਗੀ।

... ...

ਪੰਡਤ ਗੋਪਾਲ ਸਿੰਘ ਜੀ

ਨਾਮਧਾਰੀ ਪੰਥ ਦੇ ਚਮਕਦੇ ਸਿਤਾਰੇ ਅਲੋਪ ਹੋ ਗਏ ਹਨ। ਪੰਥ ਨੂੰ ਨਾ ਪੂਰਿਆਂ ਹੋਣ ਵਾਲਾ ਘਾਟਾ ਦੇ ਗਏ ਹਨ।

... ...

Sri Satguru Jagjit Singh Ji Elibrary NamdhariElibrary@gmail.com

ਮਾਂ. ਅਜੀਤ ਸਿੰਘ ਚੀਮਾ
ਸਾਬਕ ਪ੍ਰਧਾਨ
ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ

ਮੈਂ ਅਜੇ ਸਕੂਲ ਵਿਚ ਹੀ ਪੜ੍ਹਦਾ ਸੀ ਜਦੋਂ ਵਹਿਮੀ ਜੀ ਦੀਆਂ ਕਵਿਤਾਵਾਂ ਤੇ ਲੇਖ ਸਤਿਜੁਗ ਦੇ ਅੰਕਾਂ ਚੋਂ ਪੜ੍ਹ ਕੇ ਮੈਨੂੰ ਕਵਿਤਾ ਲਿਖਣ ਦੀ ਚੇਟਕ ਲਗ ਗਈ। ਵਹਿਮੀ ਜੀ ਦਾ ਲਿਖਿਆ ਜੱਸ ਜੀਵਨ ਨਾਮਧਾਰੀ ਸਾਹਿਤ ਨੂੰ ਵੱਡੀ ਦੇਣ ਹੈ। ਸ਼ੈਲੀ ਵਖਰੀ ਹੈ ਪਰ ਓਦਾਂ ਸੁਆਦਲੀ ਹੈ। ਨਦੇੜ ਤੋਂ ਬਾਦ, ਜੋਰਠ ਬੀਜਾ ਪੁਸਤਕਾਂ ਲੇਖਕਾਂ ਨੂੰ ਬੜਾ ਮਸਾਲਾ ਦੇਂਦੀਆਂ ਹਨ। ਵਹਿਮੀ ਜੀ ਅਜ ਭਾਵੇਂ ਸਾਡੇ ਵਿਚ ਨਹੀਂ ਪਰ ਉਨ੍ਹਾਂ ਦੀਆਂ ਲਿਖਤਾਂ ਤੋਂ ਸਦੀਆਂ ਤੀਕ ਲੇਖਕ ਰੋਸ਼ਨੀ ਲੈਂਦੇ ਰਹਿਣਗੇ। ਮੈਂ ਉਨ੍ਹਾਂ ਦੀ ਵਰ੍ਹੇ ਗੰਢ ਤੇ ਸ਼ਰਧਾ ਦੇ ਫੁੱਲ ਅਰਪਣ ਕਰਦਾ ਹਾਂ।

... ...

ਸ. ਤੇਜਾ ਸਿੰਘ ਸੇਠੀ ਤੇਜ ਪਰੇਸ ਅੰਮ੍ਰਿਤਸਰ

ਬਾਪੂ ਜੀ ਸਤਿਗੁਰ ਦੇ ਚਰਨਾਂ ਵਿਚ ਜਾ ਬਿਰਾਜੇ ਹਨ ਪਰ ਉਹ ਆਪਣੀਆਂ ਨੇਕੀਆਂ, ਸੁਭ ਅਮਲਾਂ ਤੇ ਲਿਖਤ ਰਾਹੀਂ ਸਾਥੋਂ ਕਦੇ ਨਹੀਂ ਵਿਛੜ ਸਕਦੇ। ਸੱਚ, ਦ੍ਰਿੜ ਇਰਾਦਾ ਤੇ ਉਹਨਾਂ ਦਾ ਆਪਣੇ ਸਤਿਗੁਰ ਤੇ ਪੂਰਣ ਵਿਸ਼ਵਾਸ ਸਦਾ ਸਾਡੇ ਲਈ ਮਿਸ਼ਲੇ ਰਾਹ ਸਾਬਤ ਹੋਣਗੇ।

... ...

ਸ. ਪ੍ਰੀਤਮ ਸਿੰਘ ਜੀ 'ਨਵਯੁਗ'

ਉਹਨਾਂ ਨੇ ਬਹੁਤਿਆਂ ਨੂੰ ਪਿਓ ਵਰਗਾ ਹੀ ਪਿਆਰ ਦਿਤਾ ਸੀ। ਅੱਜ ਉਹਨਾਂ ਦਾ ਸਾਇਆ ਸਾਡੇ ਸਿਰਾਂ ਤੋਂ ਢਲ ਗਿਆ ਹੈ। ਅਸੀਂ ਦੁਖ ਮਹਿਸੂਸ ਕਰ ਰਹੇ ਹਾਂ।

... ...

ਬਹਾਦਰ ਸਿੰਘ

ਸਰੀਰ ਨਾਸ਼ਵੰਤ ਹੈ, ਇਸ ਨੇ ਇਕ ਨ ਦਿਨ ਦਿਨ ਬਿਨਸਣਾ ਹੈ ਪਰੰਤੂ ਉਹ ਵਿਅਕਤੀ ਕਦੀ ਨਹੀਂ ਮਰਦਾ ਜੋ ਆਪਣੀਆਂ ਸਦੀਵੀ ਯਾਦਾਂ, ਚੰਗੇ, ਅਮਲ ਸੰਸਾਰ ਵਿਚ ਛਡ ਜਾਂਦਾ ਹੈ। 'ਵਹਿਮੀ' ਸਾਹਿਬ ਨੇ ਆਪਣੀ ਸੰਸਾਰ ਯਾਤਰਾ ਵਿਚ ਇਕ ਸੰਸਥਾ ਜਿਨਾ ਕੰਮ ਕੀਤਾ ਹੈ ਤੇ ਇਹ ਕੰਮ ਉਹਨਾ ਦੀ ਸਦੀਵੀਂ 'ਯਾਦਗਾਰ' ਹੈ। ਜੇਕਰ ਉਮਰ ਤੇ ਸਿਹਤ ਕੁਝ ਚਿਰ ਹੋਰ ਵਫ਼ਾ ਕਰਦੇ ਤਾਂ ਓਹ ਹੋਰ ਵੀ ਬਹੁਤ ਕੁਝ ਸਦੀਵੀ ਮਹਤਤਾ ਵਾਲਾ ਸਾਹਿਤ ਦੇ ਜਾਂਦੇ। ਸਾਨੂੰ ਉਨ੍ਹਾਂ ਤੇ ਗੌਰਵ ਕਰਨਾ ਚਾਹੀਦਾ ਹੈ।

ਜੀਵਨ ਝਾਤਾਂ

ਵਹਿਮੀ ਜੀ ਦੇ ਜੀਵਨ, ਆਚਰਨ ਅਤੇ ਸੁ
ਨੂੰ ਦਰਸਾਉਂਦੀਆਂ ਕੁਝ ਝਲਕਾਂ ਦਰਜ ਕੀਤੀਆਂ
ਰਹੀਆਂ ਹਨ ਇਹਨਾਂ ਤੋਂ ਉਹਨਾਂ ਦੀ ਬਖਸ਼ੀਸ
ਅਤੇ ਸੋਚ ਬਾਰੇ ਅੰਦਾਜ਼ਾ ਲਗ ਸਕਦਾ ਹੈ।

—ਸੰਪਾ

ਸੋਮੇ ਦੀ ਭਾਲ

ਵਹਿਮੀ ਜੀ ਪੁਸਤਕ ਲਿਖਣ ਲਗਿਆਂ ਆਪਣੀ
ਨੂੰ ਪਰਮਾਨੀਕ ਤੇ ਠੋਸ ਬਨਾਉਣ ਵਾਸਤੇ, ਉਸ ਦੇ ਸੋਮੇ
ਭਾਲਣ ਲਈ ਦੂਰ ਤੱਕ ਜਤਨ ਕਰਦੇ ਸਨ। ਜਦੋਂ ਉ
ਸੁਹੇਵਾ ਸਾਹਿਬ ਪੁਸਤਕ ਲਿਖੀ ਤਾਂ ਉਸ ਸਬੰਧੀ
ਵਿਅਕਤੀ ਦੀ ਭਾਲ ਵਿਚ ਪਹਿਲਾਂ ਉਹ ਸੁਹੇਵਾ ਸਾ
(ਰਾਜਸਥਾਨ) ਗਏ। ਉਥੇ ਪੁਜਣ ਤੇ ਸੂਚਨਾ ਮਿਲ
ਸਬੰਧਤ ਵਿਅਕਤੀ ਦਾ ਪਤਾ ਨੋਰੇ ਤੋਂ ਲਗ ਸਕਦਾ
ਨੋਰੇ ਤੋਂ ਭਾਦਰਾ ਦਸ ਪਈ। ਭਾਦਰਾ ਤੋਂ ਬੀਕਾਨੇਰ ਗ
ਉਥੋਂ ਜਾ ਕੇ ਲੋੜੀਂਦੀ ਵਾਕਫੀਅਤ ਇਕੱਤ੍ਰ ਕੀਤੀ।
ਆਦਮੀ ਨਾਲ ਲੈ ਕੇ ਰਟਨ ਕਰਦੇ ਰਹੇ।

ਬਖਸ਼ਿਸ਼:

ਵਹਿਮੀ ਜੀ ਦੀ ਘਾਲਣਾ ਤੋਂ ਪਰਸੰਨ ਹੋ ਕੇ
੧੯੫੧-੫੨ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਇਕ ਵਧੀਆ ਕਢਾਈਦਾਰ ਨਿਜੀ ਚੋਗਾ ਉਹਨਾਂ ਨੂੰ ਬਖਸ਼
ਕੀਤਾ ਸੀ।

ਜ਼ਿਮੇਂਵਾਰੀ

ਸੰਨ ੧੯੪੭ ਵਿਚ ਦੇਸ਼ ਦੇ ਬਟਵਾਰੇ ਪਿਛੋਂ ਬ
ਸਾਰੀਆਂ ਸੰਗਤਾਂ ਪਛਮੀ ਪੰਜਾਬ ਚੋਂ ਉਜੜ ਕੇ ਸ੍ਰੀ ਜੀ
ਨਗਰ ਦੇ ਇਲਾਕੇ ਦੇ ਪਿੰਡਾਂ ਵਿਚ ਆ ਵਸੀਆਂ। ਇਲ
ਦੇ ਮਹਾਨ ਪਿੰਡ ਸੰਤ ਨਗਰ ਵਿਚ ਵਹਿਮੀ ਜੀ ਦਾ
ਵਿਸ਼ਾਲ ਹਵੇਲੀ ਵਿਚ ਨਿਵਾਸ ਸੀ। ਪਿੰਡ ਵਿਚ ਨਵੇਂ ਅ
ਲੋਕਾਂ ਨੂੰ ਮਕਾਨ ਵੰਡਣ ਦੀ ਜ਼ਮੇਂਵਾਰੀ, ਮੁਸਲਮਾਨਾ ਦੇ
ਗਏ ਮਾਲ ਨੂੰ ਸੰਭਾਲਣ ਤੇ ਵਿਤਰਨ ਦੀ ਜ਼ਿਮੇਂਵਾ
ਸਤਿਗੁਰੂ ਜੀ ਵਲੋਂ ਵਹਿਮੀ ਜੀ ਨੂੰ ਸੌਂਪੀ ਗਈ ਸੀ।
ਵਾਰ ਸਤਿਗੁਰੂ ਜੀ ਇਹਨਾਂ ਦੇ ਡੇਰੇ ਆਏ ਤੇ ਪੁਛਿਆ ਸੁਟ
'ਤਰਨ ਸਿੰਘ ਜੀ ਕੀ ਹਾਲ ਏ ?

ਠੀਕ ਏ ਪਾਤਸ਼ਾਹ !

Sri Satguru Jagjit Singh Ji Elibrary NamdhariElibrary@gmail.com

ਕਿਵੇਂ ਚਲ ਰਿਹਾ ਏ ?

ਠੀਕ ਚਲ ਰਿਹਾ ਏ ਸਭ ਨੂੰ ਵੰਡ ਵੰਡਾਈ ਹੋ ਗਈ ਹੈ ।

ਆਪਣਾ ਕੀ ਹਾਲ ਏ ?

ਬੜੀ ਕਿਰਪੈ

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਘੋਖਵੀਂ ਪੁਛ ਪੜਤਾਲ ਤੋਂ ਇਹ ਗਲ ਪ੍ਰਗਟ ਹੋਈ ਕਿ ਉਨ੍ਹਾਂ ਪਾਸ ਇਕ ਮੰਜੀ ਅਤੇ ਬਿਸਤਰਾ ਸੀ ਜੋ ਉਹਨਾਂ ਆਪਣੇ ਮਾਤਾ ਜੀ ਨੂੰ ਦਿਤਾ ਹੋਇਆ ਸੀ । ਬਾਕੀ ਟਬਰ ਧਰਤੀ ਦਾ ਹੀ ਅਨੰਦ ਲੈਂਦਾ ਸੀ । ਮਾਲ ਡੰਗਰ ਦੀ ਹਾਲਤ ਇਹ ਕਿ ਘਰ ਵਿਚ ਦਾਤਰੀ ਵੀ ਨਹੀਂ ਅਤੇ ਰੱਸਾ ਵੀ ਨਹੀਂ । ਓਧਰ ਸਤਿਗੁਰੂ ਜੀ ਵਲੋਂ ਲਗੀ ਜ਼ਿਮੇਦਾਰੀ ਕਾਰਨ ਸਾਂਝੇ ਪਦਾਰਥ ਦੇ ਭੰਡਾਰ ਘਰ ਪਏ ਹਨ । ਪਰ ਕਿਸੇ ਨੂੰ ਨਿਜੀ ਵਰਤੋਂ ਲਈ ਹੱਥ ਲਾਉਣ ਦਾ ਹੁਕਮ ਨਹੀਂ ।

ਸਤਿਗੁਰੂ ਜੀ ਨੇ ਬਿਨ ਮੰਗਿਆਂ ਹੀ ਸਭ ਚੀਜ਼ਾਂ ਦੀ ਬਖਸ਼ਿਸ਼ ਕੀਤੀ ।

... ...

'ਤਨਖਾਹ'

ਸਤਿਗੁਰੂ ਜੀ ਵਲੋਂ ਬਖਸ਼ੀ ਹੋਈ ਸੰਤ ਨਗਰ ਵਿਚ ਮੁਖਤਿਆਰੀ ਸਮੇਂ ਪਹਿਲਾ ਸਾਰਾ ਸਾਮਾਨ ਅਤੇ ਹੋਲੇ ਮਹਲੇ ਦੇ ਮੇਲੇ ਤੋਂ ਵਧੀ ਸਾਰੀ ਸਮਗਰੀ ਇਹਨਾਂ ਦੀ ਨਿਗਰਾਨੀ ਹੇਠ ਹਵੇਲੀ ਵਿਚ ਜਮਾਂ ਸੀ । ਵਹਿਮੀ ਜੀ ਦੇ ਪੁਤਰ ਸਾਧੂ ਸਿੰਘ ਅਤੇ ਮਾਸਟਰ ਅਮਰੀਕ ਸਿੰਘ ਨੇ ਰਲਕੇ ਸ਼ਕਰ ਅਤੇ ਤਿਲਾਂ ਵਾਲਾ ਭਾਂਡਾ ਚਬ ਲਿਆ ।

ਪਹਿਲਾਂ ਵਹਿਮੀ ਜੀ ਦੋਹਾਂ ਤੇ ਖ਼ਫਾ ਹੋਏ ਕਿ ਕਾਕਾ ਤੁਸਾਂ ਅਮਾਨਤ ਵਿਚ ਖਿਆਨਤ ਕਰ ਕੇ ਬਹੁਤ ਗਲਤੀ ਕੀਤੀ ਹੈ । ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਪਿੰਡ ਆਏ ਤਾਂ ਉਹਨਾਂ ਅਗੇ ਦੋਹਾਂ ਕਸੂਰਵਾਰਾਂ ਦੀ ਸ਼ਕਾਇਤ ਕੀਤੀ ਗਈ । ਸਤਿਗੁਰਾਂ ਸੁਣੀ ਅਣਸੁਣੀ ਕਰ ਦਿਤੀ । ਨਾਲ ਤੁਰਦਿਆਂ ਇਕ ਵਾਰ ਫੇਰ ਸ਼ਕਾਇਤ ਅਰਜ਼ ਕੀਤੀ । ਸਤਿਗੁਰਾਂ ਕਿਹਾ ਕੋਈ ਗਲ ਨਹੀਂ ...ਬੱਚੇ... । ਸੰਤ ਆਲਾ ਸਿੰਘ ਦੇ ਡੇਰੇ ਤੀਸਰੀ ਵਾਰ ਸੰਗਤ ਵਿਚ ਖਲੋ ਕੇ ਵਹਿਮੀ ਜੀ ਨੇ ਬੇਨਤੀ ਕੀਤੀ ਕਿ ਗਰੀਬ ਨਿਵਾਜ਼ ਮੁੰਡਿਆਂ ਨੇ ਜੋ ਗਲਤੀ ਕੀਤੀ ਹੈ ਉਸ ਦੀ ਤਨਖਾਹ (ਡੰਨ) ਇਹਨਾਂ ਨੂੰ ਲਗਣਾ ਚਾਹੀਦਾ ਹੈ ਤਾਂ ਕਿ ਸਾਡੇ ਸਿਰੋਂ ਭਾਰ ਹੌਲਾ ਹੋਵੇ ।

ਤੇ ਫਿਰ ਦੋਹਾਂ 'ਅਪਰਾਧੀਆਂ' ਨੂੰ ਪੰਜ ਪੰਜ ਮਾਲਾ ਭਜਣ ਦੀਆਂ ਫੇਰਣ ਦਾ ਹੁਕਮ ਹੋਇਆ ।

... ...

ਪ੍ਰਾਹੁਣਚਾਰੀ ਲਈ ਰਸਦ

ਘਰ ਵਿਚ ਵਰਤਨ ਲਈ ਰਾਸ਼ਨ ਕੋਠੀਓਂ (ਗੁਰੂ ਘਰੋਂ) ਆਉਂਦਾ ਸੀ । ਇਕ ਵਾਰ ਕਾਫ਼ੀ ਪ੍ਰਾਹੁਣੇ ਆਏ । ਰਾਸ਼ਨ ਸਮਾਪਤ ਹੋ ਗਿਆ । ਇਹਨਾਂ ਦੀ ਹਵੇਲੀ ਵਿਚ ਗੁਦਾਮ ਸੀ ਉਸ ਵਿਚੋ, ਲੋਕਾਂ ਨੂੰ ਵਰਤਾਉਣ ਪਿਛੋਂ ਜੋ ਥਲੇ ਬਚਿਆ ਅਨਾਜ ਪਿਆ ਸੀ ਉਸ ਨੂੰ ਸੁਸਰੀ ਲਗ ਗਈ ਸੀ । ਇਹ ਉਸ ਨੂੰ ਸਾਫ ਕਰਕੇ ਛਕਦੇ ਰਹੇ । ਸੰਤ ਆਲਾ ਸਿੰਘ ਜੀ ਦੀ ਇਤਲਾਹ ਤੇ ਸਤਿਗੁਰਾਂ ਰੋਟੀ ਪਾਣੀ ਦੀ ਹਾਲਤ ਬਾਰੇ ਪੁਛਿਆ ਤਾਂ ਕਹਿਣ ਲਗੇ ਆਪ ਜੀ ਦੀ ਅਮਾਨਤ ਵਰਤ ਲਈ ਹੈ ਪ੍ਰਾਹੁਣੇ ਆਏ ਰਹਿੰਦੇ ਹਨ, ਇਕ ਕਰਕੇ । ਉਹ ਵਾਪਸ ਕਰਨੀ ਹੈ । ਉਸ ਪਿਛੋਂ ਸਤਿਗੁਰੂ ਜੀ ਵਲੋਂ ਪ੍ਰਾਹੁਣਿਆਂ ਵਾਸਤੇ ਵੀ ਰਸਦ ਦਾ ਪ੍ਰਬੰਧ ਹੋ ਗਿਆ ।

ਲੋਹ ਦਾ ਕਰਜਾ

ਇਕ ਵਾਰ ਇਹਨਾਂ ਕੋਲ ਇਕੋ ਇਕ ਲਵੇਰੀ ਸੀ ਉਹ ਮਰ ਗਈ । ਸਤਿਗਰਾਂ ਨੂੰ ਪਤਾ ਲਗਾ ਕਿ ਇਹਨਾ ਦੀ ਮੱਝ ਮਰ ਗਈ ਹੈ ਉਹਨਾਂ ਉਸੇ ਵੇਲੇ ਸ੍ਰੀ ਜੀਵਨ ਨਗਰ ਤੋਂ ਬਹੁਤ ਵਧੀਆਂ ਮੱਝ ਭੇਜ ਦਿਤੀ । ਵਹਿਮੀ ਜੀ ਕਿਹਾ 'ਗੁਰੂ ਘਰ ਦਾ ਕਰਜ਼ਾ ਚੜ੍ਹ ਗਿਐ ਸਾਡੇ ਸਿਰ ਤੇ' ।

ਫੇਰ ਇਹਨਾਂ ਇਕ ਬੋਤਾ ਲਿਆ । ਉਹ ਬੜਾ ਖਰਾਬ ਕਰਨ ਲਗਾ । ਸਾਂਭਿਆ ਨਾ ਜਾਇਆ ਕਰੇ । ਸੰਤਾਂ ਜਿਉਂ ਫੜਿਆ, ਜਾ ਸ੍ਰੀ ਜੀਵਨ ਨਗਰ ਕਿਲ੍ਹੇ ਬੰਨ, ਕੇ ਸਤਿਗੁਰਾਂ ਨੂੰ ਮੱਥਾ ਟੇਕ ਦਿਤਾ । ਸਤਿਗੁਰਾਂ ਪੁਛਿਆ" ਕੀ ਕਾਰਣ ਹੈ ?

"ਇਕ ਤਾਂ ਸਾਂਭਿਆ ਨਹੀਂ ਸੀ ਜਾਂਦਾ, ਦੂਸਰਾ ਲੋਹ ਦਾ ਕਰਜ਼ ਸਿਰ ਤੇ ਸੀ, ਆਪ ਨੇ ਇਕ ਮੱਝ ਜੁ ਦਿਤੀ ਸੀ । ਅਜੇ ਇਨ੍ਹਾਂ ਕੁ ਹੀ ਸਰਦਾ ਹੈ ।"

... ...

ਗ੍ਰਹਿਸਥੀ

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਾਸ਼ਨਾਂ ਵਿਚ ਇਹ ਰਿਕਾਰਡ ਹੋਇਆ ਹੈ ਕਿ ਜੇ ਗ੍ਰਹਿਸਥੀ ਵੇਖਣਾ ਹੋਵੇ ਤਾਂ ਸੰਤ ਤਰਨ ਸਿੰਘ ਵਹਿਮੀ ਆਦਰਸ਼ਕ ਗ੍ਰਹਿਸਥੀ ਦੀ ਮਿਸਾਲ ਹੈ । ਸਤਿਗੁਰੂ ਜਗਜੀਤ ਸਿੰਘ ਜੀ ਵੀ ਇਵੇਂ ਫੁਰਮਾਇਆ ਕਰਦੇ ਹਨ ।

ਸਾਦਗੀ

ਵਹਿਮੀ ਜੀ ਦੇ ਸੁਭਾ ਵਿਚ ਸਾਦਗੀ ਰਚੀ ਹੋਈ ਸੀ । ਬੋਲ ਚਾਲ-ਲਿਖਤ ਅਤੇ ਬਸਤਰਾਂ ਵਿਚ ਤਾਂ ਸਾਦਗੀ ਸੀ ਹੀ । ਅਨੇਕਾਂ ਸਰਗਮੀਆਂ ਭਰੇ ਵਾਤਾਵਰਣ 'ਚ ਵਿਚਰਣ ਵਾਲੇ ਵਹਿਮੀ ਜੀ ਦੀ ਤਸਵੀਰ ਹੀ ਨਹੀਂ ਉਪਲਭਦ ਹੋ ਰਹੀ । ਇਸ ਅੰਕ ਵਾਸਤੇ ਵੀ ਮੁਸ਼ਕਲ ਨਾਲ ਇਕ ਤਸਵੀਰ ਮਿਲੀ ਹੈ । ਉਹ ਜ਼ਰੂਰ ਕੈਮਰਿਆਂ ਤੋਂ ਪਿਛੇ ਰਹਿੰਦੇ ਰਹੇ ।

Sri Satguru Jagjit Singh Ji Elibrary NamdhariElibrary@gmail.com

ਕਵੀ ਤੇ ਸਨਹਿਰੀ ਮੱਛੀ ਦੀ ਕਹਾਣੀ

ਕਲਾ ਕੌਸ਼ਲਤਾ

ਕਹਾਣੀ ਇਸ ਤਰ੍ਹਾਂ ਦਸਦੇ ਨੇ ਇਕ ਦਿਨ ਅਸਫਲ ਕਵੀ ਲੇ ਕੇਸਪੀਅਨ ਸਾਗਰ ਵਿਚ ਇਕ ਸੁਨਹਿਰੀ ਮਛੀ ਫੜ ਲਈ ।

"ਕਵੀਆ ਕਵੀਆ, ਮੈਨੂੰ ਵਾਪਸ ਸਾਗਰ ਵਿਚ ਸੁੱਟ ਦੇਹ" ਸੁਨਿਹਿਰੀ ਮੱਛੀ ਨੇ ਤਰਲਾ ਕੀਤਾ ।

"ਤੂੰ ਮੈਨੂੰ ਇਸ ਦੇ ਬਦਲੇ ਕੀ ਦੇਵੇਂਗੀ ?"

"ਤੇਰੀਆਂ ਸਾਰੀਆਂ ਦਿਲੀ ਇਛਾਵਾਂ ਪੂਰੀਆਂ ਹੋ ਜਾਣਗੀਆਂ"

ਕਵੀ ਖੁਸ਼ ਹੋ ਗਿਆ ਤੇ ਉਸਨੇ ਸੁਨਹਿਰੀ ਮੱਛੀ ਨੂੰ ਜਾਣ ਦਿਤਾ । ਫਿਰ ਕੀ ਸੀ ਇਕ ਤੋਂ ਪਿਛੋਂ ਦੂਜੀ ਖੁਸ਼ ਕਿਸਮਤੀ ਉਸ ਨੂੰ ਮਿਲਣ ਲਗੀ । ਇਕ ਇਕ ਕਰਕੇ ਕਾਵਿ ਸੰਗ੍ਰਹਿ ਛਪਣ ਲਗੇ । ਉਸ ਕੋਲ ਸ਼ਹਿਰ ਵਿਚ ਇਕ ਘਰ ਹੋ ਗਿਆ ਤੇ ਪਿੰਡ ਵਿਚ ਇਕ ਸ਼ਾਨਦਾਰ ਬੰਗਲਾ । ਉਹ ਪ੍ਰਸਿਧ ਹੋ ਗਿਆ ਤੇ ਉਸਦਾ ਨਾਂ ਹਰ ਇਕ ਦੇ ਮੂੰਹ ਉਤੇ ਸੀ ।

ਬਹੁਤ ਦੇਰ ਮਗਰੋਂ ਜਦੋਂ ਉਹ ਅਕਾਦਮੀ ਦਾ ਤੇ ਪਾਰਲੀਮੈਂਟ ਦਾ ਮੈਂਬਰ ਬਣ ਚੁੱਕਾ ਹੋਇਆ ਸੀ, ਤੇ ਉਸਨੂੰ ਸਰਕਾਰੀ ਪੁਰਸਕਾਰ ਮਿਲ ਚੁਕਾ ਸੀ, ਤਾਂ ਉਸਦੀ ਪਤਨੀ ਭੋਲੇ-ਭਾਅ ਕਹਿਣ ਲੱਗੀ ਮੇਰੇ ਪਿਆਰੇ ਜਦੋਂ ਤੂੰ ਸੁਨਹਿਰੀ ਮੂਛੀ ਤੋਂ ਇਹ ਸਾਰਾ ਕੁਝ ਮੰਗ ਰਿਹਾ ਸੈਂ, ਤਾਂ ਰਤਾ ਕੁ ਕਲਾ ਕੌਸ਼ਲਤਾ ਵੀ ਮੰਗ ਲੈਂਦਾ ।

ਉਦੋਂ ਜਾ ਕੇ ਕਿਤੇ ਕਵੀ ਨੂੰ ਇਹ ਸਮਝ ਆਈ ਕਿ ਇਹ ਸਾਰੇ ਸਾਲ ਉਸ ਦੀ ਜ਼ਿੰਦਗੀ ਵਿਚ ਕਿਸੇ ਚੀਜ਼ ਦ ਘਾਟ ਰਹੀ ਹੈ । ਉਹ ਦੌੜਾ ਦੌੜ ਸਾਗਰ ਤੱਟ ਉਤੇ ਗਿਅ ਤੇ ਬੋਲਿਆ ।

"ਸੁਨਹਿਰੀ ਮੱਛੀ, ਸੁਨਹਿਰੀ ਮੱਛੀ, ਮੈਨੂੰ ਰਤਾ ਕ ਕਲਾ-ਕੌਸ਼ਲਤਾ ਵੀ ਦੇਹ ।"

ਜਿਸਦਾ ਜਵਾਬ ਸੁਨਹਿਰੀ ਮੱਛੀ ਇਹ ਦਿਤਾ :

"ਮੈਂ ਤੇਰੀ ਹਰ ਇਛਾ ਪੂਰੀ ਕਰ ਦਿਤੀ ਹੈ । ਭਵਿ ਵਿਚ ਵੀ ਜੋ ਕਹੇਂਗਾ ਕਰਾਂਗੀ । ਪਰ ਕਾਵਿਕ ਕਲਾ-ਕੌਸ਼ ਲਤਾ ਐਸੀ ਚੀਜ਼ ਹੈ, ਜਿਹੜੀ ਮੈਂ ਨਹੀਂ ਦੇ ਸਕਦ ਕਿਉਂਕਿ ਮੇਰੇ ਆਪਣੀ ਕੋਲ ਇਹ ਨਹੀਂ ।"

ਮਤਲਬ ਕੀ ਕਿ ਤੁਹਾਡੇ ਵਿਚ ਜਾਂ ਕਲਾ ਕੌਸ਼ਲਤ ਹੁੰਦੀ ਹੈ ਜਾਂ ਨਹੀਂ ਹੁੰਦੀ । ਕੋਈ ਵੀ ਨਾ ਤੁਹਾਨੂੰ ਇਹ ਸਕਦਾ ਹੈ, ਨਾ ਤੁਹਾਡੇ ਤੋਂ ਖੋਹ ਸਕਦਾ ਹੈ । ਤੁਸੀਂ ਇਹ ਕੇ ਹੀ ਜੰਮਦੇ ਹੋ ।

ਭਾਵੇਂ ਸੁਨਹਿਰੀ ਮੱਛੀ ਉਸ ਉਤੇ ਏਨੀ ਮਿਹਰਬਾ ਸੀ, ਤਾਂ ਵੀ ਕਵੀ ਜਲਦੀ ਹੀ ਆਪਣੇ ਆਪ ਨੂੰ ਐਸਾ ਕ ਮਹਿਸੂਸ ਕਰਨ ਲੱਗਾ ਜਿਸਨੇ ਮੋਰ ਦੇ ਖੰਭ ਲਾਏ ਹੋਣ ਉਸਦੇ ਨਕਲੀ ਖੰਭਾਂ ਦੇ ਖੁਸ਼ੀ ਦੇਣ ਵਾਲੇ ਰੰਗ ਸਾਰੇ ਮੱਧ ਪੈ ਗਏ, ਤੇ ਏਨੇ ਸਾਰੇ ਸਾਲਾਂ ਵਿਚ ਉਸ ਦੇ ਆਪਣੇ ਖੰ ਕਿਉਂਕਿ ਪਤਲੇ ਹੋ ਚੁਕੇ ਸਨ, ਕਵੀ ਦਿਨੋ ਦਿਨ ਹੋਰ ਭੈੜ ਲਗਣ ਲਗਾ ।

ਦੁਹਰਾਉਣ ਨਾਲ ਪ੍ਰਾਰਥਨਾ ਦਾ ਕੁਝ ਨਹੀਂ ਵਿਗੜਦ ਸੋ ਮੈਂ ਕੁਝ ਦੁਹਰਾਉਂਦਾ ਹਾਂ : ਲਿਖਣ ਲਈ ਬੰਦੇ ਕਲਾ-ਕੌਸ਼ਲਤਾ ਦੀ ਲੋੜ ਹੁੰਦੀ ਹੈ । ਪਰ ਬੰਦਾ ਕਲਾ-ਕੌਸ਼ ਲਤਾ ਕਿਥੋਂ ਲਭੇ ਜੇ ਸੁਨਹਿਰੀ ਮੱਛੀ ਵੀ ਇਹ ਨਹੀਂ ਸਕਦੀ ?

(ਰਸੂਲ ਹਮਜ਼ਾਤੋਵ—"ਮੇਰਾ ਦਾਗਿਸਤਾਨ")

Sri Satguru Jagjit Singh Ji Elibrary NamdhariElibrary@gmail.com

ਵਹਿਮੀ ਸਾਹਿਤਕਾਰ ਤੁਰ ਗਏ

—ਆਤਮਾ ਸਿੰਘ ਸਨਖਤਰਾ
ਸੰਪਾਦਿਕ ਸਤਿਜੁਗ

ਗਲ ਤਰਨ ਸਿੰਘ ਸੰਤ ਦੀ ਅੱਜ ਸਾਹਵੇਂ,
ਵਾਂਗ ਜੋਗੀਆਂ ਜੋ ਫੇਰਾ ਮਾਰ ਤੁਰ ਗਏ।
ਜੋ ਮਾਪਿਆਂ ਦੇ ਘਰ ਪੁੱਤ ਕੱਲੇ,
ਅੱਜ ਛੱਡ ਕੇ ਘਣਾ ਪਰਵਾਰ ਤੁਰ ਗਏ।
ਨਾਮਧਾਰੀ ਪਰਵਾਰ ਵਿਚ ਹੋ ਪੈਦਾ,
ਉੱਚਾ ਸੁਚਾ ਜੋ ਜੀਵਨ ਗੁਜ਼ਾਰ ਤੁਰ ਗਏ।
ਆਸ਼ਕ ਗੁਰੂ ਪ੍ਰਤਾਪ ਦੇ ਬਣੇ ਸਚੇ,
'ਜੱਸ ਜੀਵਨ' ਜੱਸ ਉਸਦਾ ਉਚਾਰ ਤੁਰ ਗਏ।
ਵਹਿਣ ਕਵਿਤਾ ਦੇ ਵਿਚ ਜੋ ਰਹੇ ਤਰਦੇ,
'ਵਹਿਮੀ' ਨਾਮ ਪਰ ਵਹਿਮ ਨਿਵਾਰ ਤੁਰ ਗਏ।
ਵਧ ਦਰਜਨ ਤੋਂ ਪੁਸਤਕਾਂ ਲਿਖਕੇ ਜੋ,
ਸਾਹਿਤਯ ਮੰਡਲ ਉੱਤੇ ਕਰ ਉਪਕਾਰ ਤੁਰ ਗਏ।
ਨਦੇੜੋਂ ਬਾਦ ਗੁਰੂ ਦਸਮ ਦੇ ਦਰਸ਼ਨਾਂ ਦਾ,
ਖੋਜ ਭਰਿਆ ਜੋ ਦੱਸ ਵਿਸਥਾਰ ਤੁਰ ਗਏ।
ਪਜ ਨਿਰਣੇ, ਤੇ ਗੁਰੂ ਪ੍ਰਕਾਸ਼ ਲਿਖਕੇ,
ਕਾਵਿ ਸੰਗ੍ਰਹਿ ਆਦਿਕ ਉਚਾਰ ਤੁਰ ਗਏ।
ਬੁਢੀ ਮਾੜੀ ਦੇ ਥਾਂ ਸ੍ਰੀ ਰਾਮ ਪੁਰ ਜੋ,
ਸੋਹਣਾ ਪਿੰਡ ਦਾ ਨਾਂ ਰਖਣਹਾਰ ਤੁਰ ਗਏ।
ਸੋਮੇ ਕਵਿਤਾ ਦੇ, ਕਵੀ ਕਈ ਤਿਆਰ ਕਰਕੇ,
ਸਾਡੇ ਕਵੀਆਂ ਦੇ ਉਹ ਸਰਦਾਰ ਤੁਰ ਗਏ।
ਨਾਮ ਅਮਰ ਸੰਸਾਰ ਦੇ ਵਿੱਚ ਕਰ ਜੋ,
ਛੱਡ ਕੌਮੀ ਇਤਹਾਸ ਭੰਡਾਰ ਤੁਰ ਗਏ।
ਹਿੰਦੂ ਚੱਕ ਵਾਲੇ ਸੰਤ 'ਆਤਮਾ' ਉਹ,
ਤਰਨ ਸਿੰਘ 'ਵਹਿਮੀ' ਸਾਹਿਤਯ ਕਾਰ ਤੁਰ ਗਏ।

●

ਕਾਵਿ ਚਿੱਤਰ

ਤਰਨ ਸਿੰਘ ਵਹਿਮੀ

—ਫ਼ਕੀਰ ਚੰਦ ਤੁਲੀ

"ਤਰਨ" ਨਾਲ ਜੇ ਤਾਰਨ "ਪ੍ਰਤਾਪ" ਹੋਵੇ,
ਤਰਨ ਤਾਰਨ ਦਾ ਫਾਸਲਾ ਮੁਕ ਜਾਵੇ।
ਤਰਨ ਤਾਰਨ ਦੇ ਗੇੜ 'ਚੋਂ ਮੁਕਤ ਹੋਵੇ,
ਜਿਹੜਾ ਗੁਰੂ ਦੇ ਦਰਾਂ ਤੇ ਢੁੱਕ ਜਾਵੇ।

"ਤਰਨ" ਜਾਣਦਾ ਤਾਰਿਆਂ ਤੀਕ ਜਿਹੜਾ
"ਤਰਨ" ਸ਼ਬਦ ਦੀ ਪਕੜ ਕਮਾਲ ਆਹਾ!
"ਤਰਨ" ਤੁਰਨ ਤੇ ਤਾਰਨ ਅਗੰਮ ਵਰਗਾ,
"ਤਰਨ" ਤਾਲ-ਅਕਾਸ਼ ਪਤਾਲ ਆਹਾ!

"ਸਿੰਘ" ਗੁਰੂ ਦਾ ਖੈਰ ਹਿਯਾਤ ਮੰਗੇ,
"ਸਿੰਘ" ਪੀੜ-ਪਰਾਈ ਨੂੰ ਵੰਡਦਾ ਹੈ!
"ਸਿੰਘ" ਬੁੱਕੇ ਤੇ ਬਾਜ਼ਾਂ ਦੀ ਜਾਨ ਨਿਕਲੇ,
"ਸਿੰਘ" ਸੇਵ ਸਿਉਂ ਦੋਸਤੀ ਗੰਢਦਾ ਹੈ!

"ਵਹਿਮੀ" ਵਹਿਮ ਨੇ ਰੰਗ ਹਜ਼ਾਰ ਦਸੇ,
"ਵਹਿਮੀ" ਵਹਿਮ ਹੀ ਖੇੜਾ ਬਹਾਰ ਦਾ ਹੈ।
"ਵਹਿਮੀ" ਵਹਿਮ ਅਗੰਮ ਦੇ ਭੇਤ ਖੋਲ੍ਹੇ,
"ਵਹਿਮ" ਵਹਿਮ ਦਰਬਾਰ ਗੁਲਜ਼ਾਰ ਦਾ ਹੈ।

ਅੱਖਾਂ ਰਖੀਆਂ ਲੱਖ ਸੰਭਾਲ ਭਾਵੇਂ
ਅੱਖਾਂ ਚੱਖਿਆਂ ਈ ਮੌਹਰਾ ਮਸਤੀਆਂ ਦਾ।
ਅੱਖਾਂ ਵਿਚ ਫਿਰ "ਭੈਣੀ ਦਾ ਰਾਮ" ਰਹਿੰਦਾ,
ਅੱਖਾਂ ਪੱਖ ਜਦ ਪਾ ਲਿਆ ਹਸਤੀਆਂ ਦਾ।

ਤਰਨ ਵਾਸਤੇ ਅੱਖੀਂ ਦੇ ਸਾਗਰਾਂ ਨੂੰ,
ਤਰਨ ਸਿੰਘ ਦਾ ਵਹਿਮ ਪਤਵਾਰ ਬਣਿਆ।
ਅੱਖਾਂ ਜੋੜਕੇ ਯਾਰੜੇ ਨਾਲ "ਤੁੱਲੀ"
ਤਰਨ ਸਿੰਘ ਵਹਿਮੀ ਸਿਰ-ਸਤਿਕਾਰ ਬਣਿਆ।

●

Sri Satguru Jagjit Singh Ji Elibrary NamdhariElibrary@gmail.com

ਇੱਕ ਸੰਤੁਲਿਤ ਆਦਮੀ

ਪ੍ਰੀਤਮ ਸਿੰਘ ਕਵੀ

ਸੰਤ ਤਰਨ ਸਿੰਘ ਵਹਿਮੀ ਨੂੰ ਨਸ਼ਵਰ ਜ਼ਿੰਦਗੀ ਪਾਸੋਂ ਵਿਦਾ ਲਿਆਂ ਦੋ ਵਰ੍ਹੇ ਹੋ ਗਏ ਹਨ। ਪਰ ਉਹ ਆਪਣੀ ਕਿਰਤ ਕਰਕੇ ਸਦ-ਜੀਵੀ ਬਣ ਗਏ ਹਨ। ਜਿਸ ਮਿਹਨਤ ਤੇ ਲਗਨ ਨਾਲ ਉਨ੍ਹਾਂ ਆਪਣੇ ਸਤਿਗੁਰੂ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ 'ਜਸ ਜੀਵਨ' ਲਿਖਿਆ ਹੈ ਉਸ ਕਾਰਨ ਉਹ ਅਮਰਤਾ ਪ੍ਰਾਪਤ ਕਰ ਗਏ ਹਨ।

ਮੇਰੀ ਜ਼ਿੰਦਗੀ ਵਿਚ ਉਹ ਛਪੰਜਾਂ ਸਾਲ ਪਹਿਲਾਂ ਦੇ ਆਏ ਹੋਏ ਸਨ। ਮੈਂ ਉਨ੍ਹਾਂ ਦੀ ਕਵਿਤਾ ਤੇ ਵਿਲਖਣ ਨਾਂਅ ਕਰਕੇ ਉਨ੍ਹਾਂ ਤੋਂ ਪਰਿਚਤ ਸਾਂ। 'ਤਰਨ ਸਿੰਘ' ਦਾ ਕੀ ਅਰਥ ਹੋਵੇ, ਤਰਨਾ ਜਾ ਜੁਆਨ, ਇਹ ਵਿਦਿਆਰਥੀ ਜੀਵਨ ਵਿਚ ਹੀ ਸੋਚਿਆ ਜਾਂਦਾ ਰਿਹਾ। ਪਰ ਉਨਾਂ ਦੀ ਸਵਿਸਥਾਰ ਕਵਿਤਾ ਦੇ ਅਖੀਰ ਵਿਚ ਥੋੜੀਆਂ ਮਾਤ੍ਰਾਂ ਜਾਂ ਅੱਖਰਾਂ ਵਾਲੇ ਛੰਦ ਨਾਲ ਲਿਖੀ ਉਹਨਾਂ ਦੀ ਦੋ-ਤੁਕੀ ਜਾਂ ਚੋ-ਤੁਕੀ ਕਵਿਤਾ 'ਚੁਟਕੀ' ਨਾ ਨਾਲ ਜਾਣੀ ਜਾਂਦੀ ਸੀ। ਅਸੀਂ ਸਾਰੇ ਵਿਦਿਆਰਥੀ ਅਜਿਹੀਆਂ 'ਚੁਟਕੀਆਂ' ਸੁਭਾਵਕ ਹੀ ਯਾਦ ਕਰ ਲੈਂਦੇ ਸਾਂ।

ਜਦੋਂ ਮੈਂ ਆਪਣੀ ਅਲਪ ਆਯੂ ਵਿਚ ਹੀ 'ਸਤਿਜੁਗ' ਦੀ ਸੰਪਾਦਨਾ ਦੀ ਜ਼ਿਮੇਵਾਰੀ ਲੈ ਲਈ ਓਦੋਂ ਪਤਾ ਲਗਿਆ ਕਿ ਜਿਸ ਤਰਨ ਸਿੰਘ ਦੀਆਂ 'ਚੁਟਕੀਆਂ' ਸਾਨੂੰ ਯਾਦ ਰਹਿੰਦਿਆਂ ਸਨ ਉਸਦੇ ਅੱਖਰ ਪੜ੍ਹਨੇ ਹਰ ਫਿਕਰੇ ਵਿਚ ਬੁਝਾਰਤ ਨੇ। ਲੰਮੇ,.ਪਤਲੇ ਤੇ ਇਕ ਦੂਜੇ ਵਿਚ ਵੜੇ ਅੱਖਰਾਂ ਦੀ ਚੀਂਧੜ ਨੀਂਧੜ ਪ੍ਰੈਸ ਵਿਚ ਕੰਮ ਕਰਨ ਵਾਲਿਆਂ ਨੂੰ ਸਤਾ ਮਾਰਦੀ। ਅਜੇ ਸਾਨੂੰ ਤਰਨ ਸਿੰਘ ਦੇ ਅਰਥਾਂ ਤਕ ਉਤਰਨਾ, ਰਾਜਸਥਾਨੀ ਖੂਹ ਵਿਚ ਡੁਬਣਾ ਹੀ ਜਾਪਦਾ ਸੀ। ਜਿਵੇਂ ਅੱਖਰ ਲੰਮੇ ਪਤਲੇ ਤੇ ਵਿੱਚ ਵੜੇ। ਤਿਵੇਂ ਕਵਿਤਾ ਦੇ ਭਾਵ ਤੇ ਅਰਥ ਇਕ ਦੂਜੇ ਵਿਚ ਇੰਜ ਗੜ ਮਡ ਜਾਪਣੇ ਕਿ ਸਿਰ ਪੀੜ ਹੋਣ ਲਗ ਪੈਂਦੀ।

ਪਾਕਿਸਤਾਨ ਬਣ ਜਾਣ ਤੋਂ ਪਹਿਲੋਂ ਹੀ ਅਸੀਂ ਦੂਜੇ ਡੌਂ ਚੰਗੇ ਪਰਿਚਿਤ ਹੋ ਗਏ ਸਾਂ। ਮੈਨੂੰ ਉਹਨਾਂ ਦੀ ਗੱਲ ਦੀ ਸਮਝ ਆਉਣ ਲਗ ਪਈ ਸੀ ਉਹ ਵੀ ਮੇਰੇ ਕਥਨ ਦੇ ਕਦਰਦਾਨ ਸਨ।

ਪਰ ਪਹਿਲਾਂ ਮੈਨੂੰ ਉਹ ਇਕ ਚਾਂਭਲਿਆ ਹੋਇਆ ਗੁਰਾਇਆ ਗੋਤ ਦਾ ਜੱਟ ਹੀ ਲਗਦਾ ਸੀ ਜਿਸ ਦੀ ਚਾਰ ਕਿਲੇ ਜ਼ਮੀਨ ਦੂਜਿਆਂ ਤੋਂ ਵੱਧ ਸੀ ਤੇ ਜਿਸਨੂੰ ਭਾਗਾਂ ਨਾਲ ਨੰਬਰਦਾਰੀ ਵੀ ਥਿਆਈ ਹੋਈ ਸੀ। ਉਤੋਂ ਸੁੰਦਰ ਤੇ ਸ਼ੁਕੀਨ ਮਿਜਾਜ ਹੋਣ ਕਾਰਨ 'ਰਸੀਆ' ਮਨੁਖ ਦੇ ਗੁਣਾਂ ਦਾ ਮਾਲਕ ਵੀ ਜਾਪਿਆ ਏਦੂੰ ਵੱਧ ਹੋਰ ਉਹ ਕੀ ਕੁਝ ਸੀ, ਮੈਨੂੰ ਉਕਾ ਇਲਮ ਨਹੀਂ ਸੀ।

ਵਿਚਕਾਰ ਦੇ ੧੪ ਸਾਲ ਨਾਮਧਾਰੀ ਸਮਾਜ ਨਾਲ ਇਕ ਦਮ ਕੱਟੀ ਹੋਣ ਕਾਰਨ ਇਹ ਵੀ ਮੇਰੇ ਚਕਰ ਵਿਚ ਨਹੀਂ ਆ ਸਕੇ।

ਜਦੋਂ ਸੰਨ ੧੯੫੭ ਵਿਚ ਮੈਂ ਪਹਿਲੀ ਵਾਰ ਜੀਵਨ ਨਗਰ ਇਲਾਕੇ ਵਿਚ ਗਿਆ ਤੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਮੇਰੇ ਪਿਤਾ-ਪੁਤਰ ਤੇ ਗੁਰੂ-ਸ਼ਿਸ਼ ਵਾਲੇ ਸੰਬੰਧ ਬਹਾਲ ਹੋਏ ਤਾਂ ਤਰਨ ਸਿੰਘ ਹੁਰੀਂ ਵੀ ਮੇਰੀ ਪਹੁੰਚ ਵਿਚ ਆ ਗਏ। ਪਹਿਲੀ ਮਿਲਣੀ ਸੰਤ ਨਗਰ (ਇਲਾਕਾ ਜੀਵਨ ਨਗਰ ਜ਼ਿਲਾ ਸਰਸਾ) ਵਿਚ ਉਹਨਾਂ ਦੀ ਵੱਡੀ ਸਾਰੀ ਹਵੇਲੀ ਵਿਚ ਹੀ ਹੋਈ। ਸਿੱਧਾ ਸਾਦਾ ਘਰ ਬਾਰ, ਮੰਜਿਆਂ ਤੇ ਬਹਿ ਕੇ ਖਾਣਾ ਪੀਣਾ, ਚੁਲ੍ਹਿਆਂ ਵਿਚੋਂ ਵੰਨ ਸੁਵੰਨੀਆਂ ਲਕੜਾਂ ਦਾ ਕੌੜਾ ਧੂੰਆਂ ਉਠਣਾ। ਅਤੇ ਮੇਰੇ ਸੁਆਗਤ ਵਿਚ ਜੁ ਮੈਨੂੰ ਪੀਣ ਨੂੰ ਚਾਹੀਦੀ ਸੀ ਉਹਦਾ ਉਤਰ ਸੀ: "ਅਸੀਂ ਤਾਂ ਦਹੀਂ ਲੱਸੀ ਨਾਲ ਹੀ ਤੁਹਾਡੀ ਸੇਵਾ ਕਰ ਸਕਦੇ ਹਾਂ, ਚਾਹ ਨਾਲ ਨਹੀਂ। ਸਾਨੂੰ ਹੁਕਮ ਨਹੀਂ ਸਤਿਗੁਰਾਂ ਦਾ।"

ਜਾਪਿਆ ਇਹ ਬੰਦਾ 'ਹੁਕਮ' ਦੇ ਕਿੱਲੇ ਨਾਲ ਬੱਝਾ ਹੋਇਆ ਹੈ। ਮੈਂ ਕਾਹਨੂੰ ਇਹਦੇ ਵਿਸ਼ਵਾਸ਼ ਨੂੰ ਛੇੜਾਂ, ਭਾਵੇਂ ਘੜੀ ਭਰ ਸਿਰ ਪੀੜ ਵੀ ਹੋ ਲਵੇ। ਓਦੋਂ ਉਹ 'ਜਸ ਜੀਵਨ'—ਜਿਸ ਨੂੰ ਉਨ੍ਹਾਂ ਪਿਛੋਂ ਜਾਕੇ ਨਾਮ ਦਿਤਾ—ਲਿਖ ਰਿਹਾ ਸੀ। ਮੈਂ ਸਲਾਹ ਦਿਤੀ ਕਿ ਉਹ ਮਿਤੀ ਜ਼ਰੂਰ ਪਾਣ ਤੇ ਵਾਕਿਆਤ ਦਾ ਸੋਮਾ ਸਪਸ਼ਟ ਕਰਨ। ਮੈਨੂੰ ਇਹ ਸਜਣ ਚੰਗਾ ਚੰਗਾ ਲਗਾ ਜਦੋਂ ਉਸ ਨੇ ਆਪਣੀ ਤੋਂ ਛੋਟੀ ਉਮਰ ਦੇ ਬੰਦੇ ਦੀ ਗੱਲ ਠੀਕ ਤਰ੍ਹਾਂ ਸੁਣ ਕੇ ਤੇ ਸਮਝ ਕੇ ਫਿਰ ਪਰਵਾਨ ਕਰ ਲਈ।

Sri Satguru Jagjit Singh Ji Elibrary NamdhariElibrary@gmail.com

ਮੇਰੇ ਸੁਭਾਅ ਵਿਚ ਹੈ ਕਿ ਮੈਂ ਬਾਹਲੀ ਨੰਨੋਂ ਨਹੀਂ ਲੈਂਦਾ। ਹੌਲੀ ਹੌਲੀ ਕਿਸੇ ਘਰ, ਪਰਵਾਰ ਜਾਂ ਵਿਅਕਤੀ ਬਾਰੇ ਜੋ ਪਤਾ ਲਗਦਾ ਗਿਆ, ਮੇਰੀ ਸੋਝੀ ਦਾ ਭਾਗ ਬਣ ਗਿਆ। ਤਰਨ ਸਿੰਘ ਹੁਰਾਂ ਬਾਰੇ ਵੀ ਇਹੋ ਕੁਝ ਸੀ। 'ਸਤਿਜੁਗ' ਦੀ ਮੁੜ ਸੰਪਾਦਕੀ ਮਿਲਣ ਕਾਰਨ ਸੁਭਾਵਕ ਹੀ ਮੇਰਾ ਵਾਹ ਇਸ ਇਲਾਕੇ ਦੇ ਲੋਕਾਂ ਨਾਲ ਵਧ ਗਿਆ, ਪਰ ਉਨ੍ਹਾਂ ਵਿਚੋਂ ਵੀ ਬਹੁਤਾ ਸਾਹਿਤ ਰੁਚਿਤ ਆਦਮੀਆਂ ਨਾਲ।

ਤੇ ਸੰਤ ਤਰਨ ਸਿੰਘ ਇਸ ਨਾਮਧਾਰੀ ਇਲਾਕੇ ਦਾ ਸਾਹਿਤ-ਸਿਤਾਰਾ ਸੀ। ਮੈਂ ਜਾਣਿਆ ਕਿ ਤਰਨ ਸਿੰਘ ਅੱਤਿਅੰਤ ਸਾਦੀ ਕਿਸਮ ਦਾ ਆਦਮੀ ਹੈ ਤੇ ਇਸ ਦੀ ਸੂਝ ਤੇ ਸਿਖਣ ਦੀ ਵ੍ਰਿਤੀ ਸਦਾ ਨਵੇਲੀ ਰਹਿੰਦੀ ਹੈ। ਹੈਰਾਨ ਹੋਇਆ ਕਿ ਸਾਡੇ ਵਿਚੋਂ ਕਈਆਂ ਨੂੰ ਇਕ ਤੀਵੀਂ ਵੀ ਨਸੀਬ ਨਹੀਂ ਹੋਈ ਪਰ ਸੰਤ ਤਰਨ ਸਿੰਘ ਤਿੰਨ ਪਤਨੀਆਂ ਦਾ ਸਵਾਮੀ ਰਿਹੀ ਭਾਵੇਂ ਇਕੋ ਸਮੇਂ ਨਹੀਂ। ਪਰ ਇਕੋਂ ਇਕ ਇਸਤਰੀ ਦੇ ਪਤੀ ਤਾਂ ਗ੍ਰਿਸਤ ਸੁਖ ਤੋਂ ਵਿਰਵੇ ਰਹਿ ਸਕਦੇ ਹਨ ਤਰਨ ਸਿੰਘ ਪਰਵਾਰਕ ਸੁਖ ਦੀ ਸਿਖਰ ਭੋਗਦਾ ਰਿਹਾ। ਉਸ ਲਈ ਪਰਵਾਰਕ ਵਿਡੰਬਣਾਂ ਨਾਂ ਦੀ ਕੋਈ ਸ਼ੈ ਨਹੀਂ ਸੀ।

ਬੱਚਿਆਂ ਵੱਲ ਨਿਗਹ ਮਾਰੀ ਤਾਂ ਵੀ ਲੱਗਾ ਕਿ ਆਦਮੀ ਪਾਸ ਦੁਹਾਂ ਤੀਵੀਆਂ ਵਿਚੋਂ ੮ ਬੱਚੇ ਹਨ, ਪਰ ਕੋਈ ਝੰਝਟ ਨਹੀਂ, ਕੋਈ ਮੁਕਾਬਲਾ ਨਹੀਂ, ਕੋਈ ਪਰੇਸ਼ਾਨੀ ਨਹੀਂ।

ਗਭਰੇਟ ਅਤੇ ਜੁਆਨ ਬੱਚੇ, ਕੁਆਰੇ ਅਤੇ ਵਿਆਹੇ ਬਚੇ ਸਾਰੇ ਹੀ ਇਕ ਨੇਮ ਵਿਚ ਲਗਦੇ। ਪਿਤਾ ਨੇ, ਪ੍ਰਤੀਤ ਹੁੰਦਾ ਸੀ, ਸਾਰੇ ਬਚਿਆਂ ਨਾਲ ਨਿਜੀ ਸੰਪਰਕ ਰੱਖਕੇ, ਉਨ੍ਹਾਂ ਦੇ ਮਿਤਵੇਂ ਸ਼ੌਕ ਪੂਰੇ ਕਰਕੇ ਅਤੇ ਆਪਣੀ ਜ਼ਿੰਦਗੀ ਦੇ ਸੁਚੱਜ ਦੇ ਪੂਰਨੇ ਪਾਕੇ ਕਿਸੇ ਨੂੰ ਵੀ ਲੀਹੋਂ ਥਿੜਕਣ ਨਹੀਂ ਦਿਤਾ। ਨੂੰਹਾਂ, ਧੀਆਂ, ਪੁਤਰਾਂ—ਜੁਆਈਆਂ ਸਭ ਨੂੰ ਉਨ੍ਹਾਂ ਦਾ ਮੁਨਾਸਬ ਥਾਂ ਦੇ ਸੰਤੁਲਤਤਾ ਦਾ ਵਾਤਾਵਰਣ ਬਣਾਈ ਰਖਿਆ।

ਗੁਰੂ ਘਰ ਵਿਚ ਪੂਰੇ ਸ਼ਰਧਾਲੂਆਂ ਵਾਲਾ ਸਥਾਨ ਸੀ। ਦਿਮਾਗੀ ਤੌਰ ਤੇ ਪੂਰੇ ਸੁਚੇਤ ਹੁੰਦਿਆਂ ਆਪਣੇ ਆਪਨੂੰ ਇਕ ਮਰਿਆਦਾ ਵਿਚ ਰਖਿਆ। ਅਤੇ ਇਹੋਂ ਉਹ ਹੁਕਮ ਦਾ ਕਿੱਲਾ ਸੀ, ਜਿਸ ਨਾਲੇ ਬਝੇ ਰਹਿਣ ਦੀ ਸਾਰੇ ਪਰਵਾਰ ਨੂੰ ਸੰਥਾ ਦਿਤੀ ਗਈ। ਉਹ ਕਿਹਾ ਕਰਦੇ ਸਨ ਜੇ ਬੰਦੇ ਦਾ ਕੋਈ ਥਾਂ ਵੀ ਅਟਕਾਅ ਵਾਲਾ ਨਾ ਹੋਵੇ ਤਾਂ ਨਾ ਥਿੜਕਦਿਆਂ ਦੇਰ ਲਗਦੀ ਹੈ ਨਾ ਗਰਤ ਘੋਰ ਵਿਚ ਡਿਗਦਿਆਂ।

ਨਾਮਧਾਰੀ ਸਮਾਜ ਵਿਚ ਤਰਨ ਸਿੰਘ ਹੁਰਾਂ ਦਾ ਬੜਾ ਉੱਚਾ ਸਥਾਨ ਸੀ। ਹੋਲੇ ਮੇਲੇ ਵਿਚ ਨਾ ਜਾਣ ਤੇ ਤਰਨ ਸਿੰਘ ਦੀ ਅਣਹੋਂਦ ਰੜਕਦੀ ਸੀ, ਜਿਵੇਂ ਉਹ ਸਭਾ ਦਾ ਸ਼ਿੰਗਾਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਉਹਨਾਂ ਦਾ ਅਮਿਤਵਾਂ ਪਿਆਰ ਸੀ ਤਦੇ ਹੀ ਬਿਨਾ ਕਿਸੇ ਲੋਭ ਲਾਲਚ ਤੋਂ ਸਤਿਗੁਰਾਂ ਨਾਲ ਸੰਬੰਧਤ ਘਟਨਾਵਾਂ ਦਾ ਇਕਤ੍ਰਣ ਹੋਇਆ ਤੇ ਫਿਰ ਖੁਲ੍ਹੇ ਦਿਲ ਪੱਲਾ ਖਰਚ ਕਰਕੇ 'ਜੱਸ ਜੀਵਨ' ਨੂੰ ਵਜੂਦ ਵਿਚ ਲਿਆਂਦਾ। ਇਹ ਕਿਸੇ ਤੇ ਅਹਿਸਾਨ ਨਹੀਂ ਸੀ, ਨਾ ਨਾਮਧਾਰੀਆਂ ਤੇ ਨਾਂ ਗੁਰੂ ਘਰ ਤੇ। ਇਹ ਤਾਂ ਆਪਣੇ 'ਯਾਰ' ਸਤਿਗੁਰੂ ਨੂੰ, ਵਿਚੋਲੇ ਸਤਿਗੁਰੂ ਨੂੰ, ਕੇਵਲ ਸ਼ਰਧਾਂਜਲੀ ਸੀ। ਬਹੁਤ ਕੀਮਤੀ ਸ਼ਰਧਾਂਜਲੀ ਜਿਸ ਨੂੰ ਅਜੇ ਬਹੁਤ ਘੱਟ ਲੋਕ ਸਮਝਦੇ ਹਨ ਤੇ ਜੋ ਸਮਝਦੇ ਹਨ ਉਹ 'ਧੰਨ ਉਇ ਤਰਨ ਸਿੰਘਾ' ਕਹਿੰਦੇ ਹਨ।

ਹੁਣ ਕਿਤਾਬਾਂ ਦੀ ਗੱਲ ਛਿੜ ਪਈ ਏ ਤਾਂ ਕਹਿ ਦੇਈਏ ਕਿ ਤਰਨ ਸਿੰਘ ਵਹਿਮੀ ਹੁਰੀਂ ਬਜ਼ਾਤਿ ਖ਼ੁਦ ਇਕ ਸੰਸਥਾ ਸਨ, ਪ੍ਰੇਮ ਅਖਰ, ਅੱਖੀਆਂ ਠਦੇੜ ਤੋਂ ਪਿਛੋਂ ਆਦਿ ਅਨੇਕਾਂ ਪੁਸਤਕਾਂ ਉਹਨਾਂ ਲਿਖੀਆ ਤੇ ਆਪ ਹੀ ਛਾਪੀਆਂ-ਵੇਚੀਆਂ। ਸਿਧਾਂਤਕ ਲੜਾਈ ਵਿਚ ਉਹ ਆਪ ਹੀ ਹਥਿਆਰ ਲੱਭ ਲੱਭ ਡਟੇ ਰਹੇ।

ਪਰ ਇਹ ਲੜਾਈ ਤਾਂ ਲੜਨ ਦੇ ਯੋਗ ਹੀ ਸਨ ਭਾਵੇਂ ਇਕ ਲੇਖਕ ਉਹ ਨਹੀਂ ਸਨ, ਪਰ ਸੰਭਾਲਣ ਤੇ ਖੋਜ ਦੀ ਰੁਚੀ, ਜਿਸ ਕਰਕੇ ਆਪ ਦਾ ਨਾਮ ਉਹਨਾਂ ਨੂੰ 'ਵਹਿਮੀ' ਵੀ ਜੱਚ ਗਿਆ ਸੀ, ਜ਼ਿੰਦਗੀ ਦੇ ਦੂਜੇ ਅੱਧ ਵਿਚ ਜਾ ਕੇ ਖ਼ੂਬ ਫਲੀ ਫੂਲੀ।

ਜਟਕੀਆਂ ਲੜਾਈਆਂ ਵੀ ਨਾ ਚਾਂਹਦਿਆਂ ਗਲ ਪਈਆਂ ਰਹੀਆਂ ਕਿਉਂਕਿ ਬੰਦਾ ਕਦ ਵਾਲਾ ਸੀ। ਆਦਰਸ਼ ਹੀਣ, ਆਚਰਨ ਹੀਣ ਤੇ ਸਵੈਮਾਣ ਹੀਣ ਹੋਣਾ ਉਹ ਗੁਨਾਹ

Sri Satguru Jagjit Singh Ji Elibrary NamdhariElibrary@gmail.com

ਸਮਝਦਾ ਸੀ। ਪਰ ਲੜਨਾ ਉਸ ਦਾ ਆਦਰਸ਼ ਨਹੀਂ ਸੀ। ਇਸ ਤੋਂ ਬਚਣ ਦੇ ਉਸ ਨੇ ਬੜੇ ਯੋਗ ਜਤਨ ਕੀਤੇ ਪਰ ਸਵੈ ਮਾਣੀ ਹੋਣ ਕਾਰਨ ਕਈ ਵਾਰ ਸਾਰਾ ਪਰਵਾਰ ਉਸ ਦੀ ਲਪੇਟ ਵਿਚ ਆ ਜਾਂਦਾ। ਅਜਿਹੀ ਅਵਸਥਾ ਵਿਚ ਵੀ ਅਡੋਲਤਾ ਨੇ ਉਹਦਾ ਸਾਥ ਦਿਤਾ।

ਦੂਰ-ਦਰਸ਼ਤਾ ਉਹਦਾ ਗੁਣ ਸੀ। ਹਰ ਗੱਲ ਨੂੰ ਚਿੱਥ ਕੇ ਕਰਨਾ, ਖਾਨੇ ਵਿਚ ਬਹਿਣ ਤਕ ਸਮਝਣਾ ਦੇ ਦੂਰ-ਭਵਿੱਖ ਵਿਚ ਨਿਕਲਣ ਵਾਲੇ ਨਤੀਜਿਆਂ ਨੂੰ ਧਿਆਨ ਵਿਚ ਰੱਖ ਕੇ ਪਰਵਾਰਕ ਜਾਂ ਸਮਾਜਕ ਜੀਵਨ ਦੇ ਫੈਸਲੇ ਲੈਣੇ ਉਹਦਾ ਵਿਸ਼ੇਸ਼ ਲੱਛਣ ਸੀ ਜਿਸ ਕਾਰਨ ਉਹਦੇ ਪਿਛੋਂ ਵੀ ਉਹਦੇ ਵਡੇ ਪਰਵਾਰ ਵਿਚ ਕਿਸੇ ਤਰ੍ਹਾਂ ਦੀ ਫਿੱਕ ਨਹੀਂ ਪਈ ਜੀਉਂਦੇ ਜੀ ਸਭ ਨੂੰ ਕੋਲ ਬਹਾ, ਸਮਝਾ, ਹਿਸੇ ਵੰਡ ਕਰਕੇ ਸਰਕਾਰੀ ਕਾਗਤਾਂ ਤੇ ਚੜ੍ਹਾ ਦਿਤੀ।

ਮਾੜਿਆਂ ਲਈ ਦਰਦ ਵੀ ਉਹਦੇ ਮਨ ਵਿਚ ਕਾਫ਼ੀ ਸੀ। ਅਨੇਕਾਂ ਉਤੇ-ਥੁੜੇ ਇਸਤਰੀ ਪੁਰਸ਼ਾਂ ਨਾਲ ਉਹਦਾ ਸਿੱਧਾ ਸਬੰਧ ਸੀ, ਆਪਦਾ ਤੇ ਅਗਲੇ ਦਾ ਵਿਤ ਵੇਖ ਕੇ ਉਸ ਨੇ ਸਹਾਇਤਾ ਦਾ ਹੱਥ ਵਧਾਣ ਵਿਚ ਪਹਿਲ ਕੀਤੀ, ਮੈਨੂੰ ਇਕ ਨਿੱਜੀ ਗੱਲ ਯਾਦ ਆਈ ਹੈ। ਮੇਰੇ ਲੜਕੇ ਨੂੰ ਕਿਸੇ ਬਹੁਤੇ ਵਡੇ ਹਸਪਤਾਲ ਖੜਨ ਦੀ ਮੁਸ਼ਕਲ ਆ ਬਣੀ, ਘਰੋਂ ਖ਼ਤ ਅਜਿਹਾ ਆ ਗਿਆ। ਉਹਨਾਂ ਦੇ ਹੁੰਦਿਆਂ ਮੈਂ ਪੜ੍ਹ ਬੈਠਾ। ਮੇਰੇ ਖ਼ਤ ਮੁਕਣ ਦੇ ਨਾਲ ਹੀ ਇਕ ਰੁੱਕਾ ਆੜ੍ਹਤੀ ਵੱਲ ਲਿਖਿਆ ਜਾ ਚੁਕਾ ਸੀ; ਕਵੀ ਹੁਰਾਂ ਨੂੰ ਏਨੀ ਰਕਮ ਦੇ ਦਿਓ। ਜੀਵਨ ਨਗਰ ਰਹਿੰਦਿਆਂ ਇਕ ਵਾਰ ਮੇਰੇ ਤੇ ਉਪਰਾਮਤਾ ਆਉਣ ਲਗੀ ਤਾਂ ਉਸ ਕਿਹਾ : ਕਵੀ, ਕੰਮ ਡਟਕੇ ਕਰਨਾ ਹੈ। ਜੇ ਖਰਚੋਂ ਥੁੜੇਂ ਤਾਂ ਮੇਰੀ ਜੇਬ ਨੂੰ ਆਪਣੀ ਸਮਝੀਂ, ਨਿਰ ਸੰਕੋਚ ਆਖੀਂ।

ਅਜਿਹੇ ਮਰਦ ਬੰਦੇ ਘੱਟ ਹੀ ਨਜ਼ਰ ਪੈਂਦੇ ਹਨ ਜੁ ਅਗਲੇ ਦਾ ਮੜੱਪਣ ਵੇਖ ਕੇ ਵੀ ਉਦਾਰਤਾ ਦਾ ਹੱਥ ਅੱਗੇ ਵਧਾਣ।

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੂੰ ਉਹ ਗੁਰ-ਗੱਦੀ ਵਿਰਾਜਮਾਨ ਸਤਿਗੁਰੂ ਸਮਝ ਉਹਨਾਂ ਦੇ ਹੁਕਮਾਂ ਤੇ ਫੁੱਲ ਚਾੜ੍ਹਦੇ ਰਹੇ ਭਾਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਆਰ ਦੀ ਥੁੜੋਂ ਉਹਨਾਂ ਨੂੰ ਰੜਕਦੀ ਹੀ ਰਹੀ। ਮੈਂ ਉਨ੍ਹਾਂ ਦੀ ਪੁਸਤਕ 'ਜੱਸ ਜੀਵਨ' ਪਹਿਲਾ ਹਿੱਸਾ ਲੈਣ ਗਿਆ ਤਾਂ ਉਹਨਾਂ ਕਿਹਾ, ਸਤਿਗੁਰੂ ਜੀ ਦਾ ਇਕ ਚੇਪੀ ਲਗਾਣਾ ਹੁਕਮ ਹੈ ਜਦ ਤੱਕ ਉਹ ਲਗ ਨਾ ਜਾਏ ਤੁਹਾਨੂੰ ਪੁਸਤਕ ਨਹੀਂ ਮਿਲੇਗੀ। ਬੱਚਿਆਂ ਨੂੰ ਦਿਤੀਆਂ ਨਸੀਹਤਾਂ ਵਿਚੋਂ ਇਕ ਇਹ ਵੀ ਹੈ ਕਿ ਗੁਰੂ ਘਰ ਤੋਂ ਕਦੇ ਵਿਮੁਖ ਨਹੀਂ ਹੋਣਾ।

ਜਦੋਂ ਛੋਟੇ ਬੱਚਿਆਂ ਦਾ ਸੁਭਾਵਕ ਰਉਂ ਨਾਮਧਾਰੀ ਸਾਹਿਤ ਸਭਾ ਦਾ ਰੂਪ ਧਰ ਗਿਆ ਤਾਂ ਤਰਨ ਸਿੰਘ ਵਹਿਮੀ ਦਾ ਬੋਲ ਚੜ੍ਹਦੀ ਕਲਾ ਦਾ ਪ੍ਰਤੀਕ ਸੀ। ਉਹ ਪੰਜ-ਸੱਤ ਸਾਲ ਜੁ ਨਾਮਧਾਰੀ ਸਾਹਿਤ ਸਭਾ ਦੀਆਂ ਸਰਗਰਮੀਆਂ ਦੇ ਬੀਤੇ ਅਜੇ ਵੀ ਉਸ ਇਲਾਕੇ ਦੇ ਸੁਘੜ ਲੋਕਾਂ ਦੀ ਪਿਆਰੀ ਯਾਦ ਹਨ। ਤੇ ਤਰਨ ਸਿੰਘ ਕਦੇ ਵੀ ਸੱਤਰਿਆ ਬਹੱਤਰਿਆ ਨਹੀਂ ਲਗਾ।

ਲੇਖਕਾਂ ਨੂੰ ਮਿਲਣ, ਜਾਨਣ-ਜਨਾਣ ਦੀ ਏਨੀ ਪ੍ਰਬਲ ਇੱਛਾ ਸੀ ਕਿ ਜਦੋਂ ਵੀ ਅਵਸਰ ਮਿਲਿਆ ਉਸ ਨੂੰ ਉਕਣ ਨਹੀਂ ਦਿਤਾ ਅਤੇ ਅੰਤਮ ਇੱਛਾ ਵੀ ਤਰਨ ਸਿੰਘ ਹੁਰਾਂ ਦੀ ਇਹੋ ਸੀ ਕਿ ਉਸ ਦੇ ਮਰਨ ਮੇਲੇ ਉਤੇ ਪੰਜਾਬ ਦੇ ਵੱਧ ਤੋਂ ਵੱਧ ਲੇਖਕ ਜੁੜਨ। ਬੁੱਢੀ ਮਾੜੀ ਦਾ ਅਜਿਹੀ ਥਾਂ ਤੇ ਸਥਿਤ ਹੋਣਾਂ ਉਸ ਸੁਪਨੇ ਨੂੰ ਸਾਕਾਰ ਨਹੀਂ ਕਰ ਸਕਿਆ ਜੁ ਲੇਖਕ ਨੇ ਆਪਣੀ ਬਰਾਦਰੀ ਵਾਸਤੇ ਲਿਆ ਸੀ—ਕਿਉਂਕਿ ਜਗਹ ਦਾ ਵਿਕੋਲਿਤਰੇ ਹੋਣਾ, ਬੱਸਾਂ, ਕਾਰਾਂ, ਤਾਂਗਿਆਂ ਵਾਲਿਆਂ ਦਾ ਓਥੇ ਪਹੁੰਚ ਸਕਣਾ ਮੁਸ਼ਕਲ ਹੀ ਹੁੰਦਾ ਹੈ, ਤੇ ਤਰਨ ਸਿੰਘ ਹੁਰਾਂ ਇਹ ਕੁ-ਥਾਂ ਕੇਵਲ ਜਟਕੀ ਲੜਾਈਓਂ ਬਚਣ ਲਈ ਚੁਣਿਆ ਸੀ, ਪਰ ਸਵਭਿਮਾਨ ਨੇ ਏਥੇ ਵੀ ਸੌਖੀ ਤਰ੍ਹਾਂ ਨਹੀਂ ਰਹਿਣ ਦਿਤਾ।

ਤਰਨ ਸਿੰਘ ਤਾਂ ਵੈਤਰਨੀ ਤਰ ਗਿਆ ਹੈ ਪਰ ਖੁਸ਼ੀ ਦੀ ਗੱਲ ਇਹ ਹੈ ਕਿ ਇਸ ਕੇਲੇ ਦੀ ਕਾਟ ਨਾਲ ਜੁ ਇਸ ਦੀ ਥਾਂ ਨਵੀਂਆਂ ਕੋਂਪਲਾਂ ਫੁਟੀਆਂ ਹਨ—ਉਹ ਓਸੇ ਸੁਭ ਸਿਆਣਪ ਤੋਂ ਅਨੁਪ੍ਰਾਣਤ ਹਨ ਜਿਹੜੀ ਤਰਨ ਸਿੰਘ ਵਿਚ ਸਦਾ ਹੀ ਝਲਕਦੀ ਮਿਲੀ। ●

Sri Satguru Jagjit Singh Ji Elibrary NamdhariElibrary@gmail.com

ਵਹਿਮੀ ਦਾ ਵਹਿਮ

—ਸਵਰਨ ਸਿੰਘ ਸਨੇਹੀ ਐਮ. ਏ.

ਦੂਜੇ ਸਿਖ ਭਰਾਵਾਂ ਵਾਂਗ ਨਾਮਧਾਰੀਆਂ ਨੇ ਇਤਿਹਾਸ ਘੜਨ ਲਈ ਤਾਂ ਜਾਨਾਂ ਵੀ ਅਲੌਕਿਕ ਢੰਗ ਨਾਲ ਕੁਰਬਾਨੀਆਂ ਪਰ ਬਦਕਿਸਮਤੀ ਇਸ ਗਲ ਦੀ ਹੈ ਕਿ ਸਿਖਾਂ ਦੇ ਘੜੇ ਹੋਏ ਇਤਿਹਾਸ ਲਿਖਣ ਦੀ 'ਪਹਿਲੀ ਸੇਵਾ' ਹੋਰਨਾਂ ਉਨਾ ਕੌਮਾਂ ਜਾਂ ਲੇਖਕਾਂ ਦੇ ਹਿਸੇ ਆਈ ਜੋ ਇਤਿਹਾਸ ਦੇ ਉਨ੍ਹਾਂ ਨਿਰਮਾਤਾਵਾਂ ਨਾਲ ਪੂਰਾ ਨਿਆਂ ਨਹੀਂ ਸਨ ਕਰ ਸਕਦੇ ਤੇ ਨਾ ਹੀ ਉਨ੍ਹਾਂ ਨੇ ਕੀਤਾ। ਨਾਮਧਾਰੀਆਂ ਦਾ ਸੰਪੂਰਨ ਪਰਮਾਣੀਕ ਇਤਹਾਸ ਹੋਂਦ ਵਿਚ ਨਾ ਆ ਸਕਿਆ। ਇਸ ਦਾ ਕਾਰਨ ਭਾਵੇਂ ਤਦ-ਵਕਤੀ ਸਰਕਾਰੀ ਜਬਰ ਹੋਵੇ ਜਾਂ ਸਕੂਲੀ ਵਿਦਿਆ ਦਾ ਬਾਈਕਾਟ ਤੇ ਭਾਵੇਂ ਲਿਖਣ ਰੁਚੀ ਦੀ ਅਣਹੋਂਦ - ਪਰ ਇਹ ਮਾਰੂ ਜ਼ਰੂਰ ਸਿਧ ਹੁੰਦੀ ਹੈ। ਫਲ-ਸਰੂਪ ਨਾਮਧਾਰੀਆਂ ਦੀ ਅਦੁਤੀ ਕੁਰਬਾਨੀਆਂ ਨੂੰ ਵੀ ਕਈ ਵਾਰ ਛੁਟਿਆਉਣ, ਨਜ਼ਰ ਅੰਦਾਜ਼ ਕਰਨ ਜਾਂ ਹਾਸੋਹੀਣੇ ਢੰਗ ਨਾਲ ਪੇਸ਼ ਕਰਨ ਦੇ ਜਤਨ ਕੀਤੇ ਜਾਂਦੇ ਰਹੇ ਹਨ ਜੋ ਸਿਲਸਲਾ ਕੁਛ ਹੱਦ ਤੱਕ ਅਜੇ ਵੀ ਜਾਰੀ ਹੈ।

ਨਾਮਧਾਰੀ ਸਮਾਜ ਨੇ ਆਪਣੇ ਬੜੇ ਥੋੜੇ, ਲੇਖਕ ਪਿਛਲੇ ਸਮੇਂ ਵਿਚ ਪੈਦਾ ਕੀਤੇ ਹਨ। ਭਾਈ ਸੰਤੋਖ ਸਿੰਘ ਬਾਹੂਵਾਲ (ਡੇਰਾ ਬਾਬਾ ਨਾਨਕ ਦੇ ਨੇੜੇ) ਸੰਤ ਧਿਆਨ ਸਿੰਘ ਜੀ ਕਾਦਰਾ ਬਾਦੀ, ਬਾਬਾ ਕਾਲਾ ਸਿੰਘ ਜੀ ਨੰਗਲ ਖੁਰਦ, ਸੰਤ ਨਿਧਾਨ ਸਿੰਘ ਆਲਮ ਤੇ ਸੰਤ ਇੰਦਰ ਸਿੰਘ ਚਕਰਵਰਤੀ ਆਦਿ। ਇਕੜ-ਦੁਕੜ ਰਚਨਾਵਾਂ ਰਚਨ ਵਾਲੇ ਗੁਮਨਾਮ ਜਾਂ ਅਣਜਾਣੇ ਲੇਖਕ ਤਾਂ ਬਹੁਤੇ ਹੋ ਸਕਦੇ ਹਨ ਪਰ ਇਥੇ ਉਹਨਾਂ, ਨਾਵਾਂ ਦੀ ਗਿਣਤੀ ਕੀਤੀ ਗਈ ਹੈ ਜਿਨ੍ਹਾਂ ਕੁਛ ਠੋਸ ਲਿਖਤੀ ਸੇਵਾ ਇਸ ਖੇਤਰ ਵਿਚ ਕੀਤੀ ਹੈ। ਭਾਵੇਂ ਪਹਿਲੇ ਲੇਖਕ ਵੀ ਆਪਣੇ ਥਾਂ ਮਹੱਤਵ ਰਖਦੇ ਹਨ ਪਰ ਉਪਰ ਗਿਣੇ ਗਏ ਨਾਵਾਂ ਵਿਚੋਂ ਅੰਤਮ ਦੋ ਨਾਂ ਵਰਤਮਾਨ ਸਮਾਜ ਵਿਚ ਵਧੇਰੇ ਜਾਣੇ ਜਾਂਦੇ ਹਨ। ਇਹਨਾਂ, ਦੋਹਾਂ ਦੇ ਪ੍ਰਭਾਵ ਨੂੰ ਕਬੂਲ ਕੇ, ਖਾਸ ਕਰ ਕੇ ਚਕਰਵਰਤੀ ਜੀ ਤੋਂ ਮਿਲੇ ਉਤਸ਼ਾਹ ਕਾਰਨ, ਇਕ ਤੀਜਾ ਨਾਂ ਵੀ ਇਸੇ ਖੇਤਰ ਵਿਚ ਪ੍ਰਸਿਧੀ ਖੱਟ ਕੇ ਸਾਥੋਂ ਵਿਛੜ ਕੇ ਪਿਛਲੇਰੇ ਵਰ੍ਹੇ ਉਨ੍ਹਾਂ ਪਹਿਲੇ ਪੰਖੇਰੂਆਂ ਵਿਚ ਹੀ ਜਾ ਰਲਿਆ। ਉਹ ਸੀ ਸੰਤ ਤਰਨ ਸਿੰਘ ਵਹਿਮੀ ਜੋ ਹਿੰਦੂ ਚੱਕ (ਪਾਕਿਸਤਾਨ) ਤੋਂ ਆਕੇ ਹਰਿਆਣਾ ਦੇ ਪਿੰਡ ਸ੍ਰੀ ਰਾਮਪੁਰ ਵਿਚ ਵਸਿਆ ਹੋਇਆ ਸੀ।

ਤਰਨ ਸਿੰਘ ਤੋਂ ਵਹਿਮੀ

ਵਹਿਮੀ ਹੋਰੀਂ ਪਹਿਲਾਂ ਕਵਿਤਾ ਲਿਖਣ ਤੇ ਹੱਥ ਅਜਮਾਇਆ। ਪਿੰਡ ਦੇ ਹੀ ਇਕ ਬ੍ਰਾਹਮਨ ਮਸਤ ਦਿਆਲ ਤੋਂ ਇਨ੍ਹਾਂ ਨੂੰ, ਕਾਵਿ ਗੁੜ੍ਹਤੀ ਮਿਲੀ ਸੀ ਪਰ ਫਿਰ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੀ ਸੰਗਤ ਨੇ ਹੋਰ ਰੰਗ ਚੜ੍ਹਾ ਦਿਤਾ। ਸਕੂਲ ਦੀ ਪੜ੍ਹਾਈ ਸਿਰਫ ਪੰਜਵੀਂ ਜਮਾਤ ਦੀ ਸੀ ਪਰ ਆਪਣੇ ਸ਼ੌਕ ਤੇ ਜਤਨਾਂ ਸਦਕਾ ਕੁਰਾਨ ਸ਼ਰੀਫ ਤੇ ਉਰਦੂ ਦੀਆਂ ਹੋਰ ਪੁਸਤਕਾਂ ਦਾ ਅਧਿਐਨ ਕਰਨ ਜੋਗਾ ਗਿਆਨ ਵੀ ਤਰਨ ਸਿੰਘ ਹੋਰਾਂ ਪ੍ਰਾਪਤ ਕਰ ਲਿਆ। ਖਾਨਗਾਹਾਂ ਦੀਆਂ ਕਵਾਲੀਆਂ ਤੇ ਗਿਰਜੇ ਦੇ ਪਰਚਾਰ ਵੀ ਉਹਨਾਂ ਲਈ ਆਕਰਸ਼ਨ ਸ਼ਕਤੀ ਰਖਦੇ ਸਨ।

ਤਰਨ ਸਿੰਘ ਹੋਰਾਂ ਨੇ ਸਿੱਖ ਇਤਿਹਾਸ ਵਿਚ ਲੇਖਕਾਂ ਵਲੋਂ ਪਾਏ ਰੋਲੇ ਗੋਲੇ ਬਾਰੇ ਪੁਣ ਛਾਣ ਵਿਚ ਦਿਲਚਸਪੀ ਵੀ ਲੈਣੀ ਸ਼ੁਰੂ ਕਰ ਦਿਤੀ। ਆਮ ਸਾਧਾਰਨ ਸਿੱਖ ਪਰਵਾਰ ਵਿਚ ਤੇ ਫਿਰ ਉਸ ਅਨਪੜ੍ਹਤਾ ਦੇ ਜ਼ਮਾਨੇ ਵਿਚ ਇਹ ਪੁਣ-ਛਾਣ ਚੰਗੀ ਨਹੀਂ ਸੀ ਸਮਝੀ ਜਾਂਦੀ। ਇਸੇ ਕਰਕੇ ਇਹਨਾਂ ਦੀ ਮਾਤਾ ਨੇ ਹੀ ਇਹਨਾਂ ਨੂੰ ਵਹਿਮੀ ਕਹਿਣਾ ਸ਼ੁਰੂ ਕਰ ਦਿਤਾ। ਹੌਲੀ ਹੌਲੀ ਤਰਨ ਸਿੰਘ ਹੋਰਾਂ ਇਸੇ ਸ਼ਬਦ ਨੂੰ ਆਪਣੇ ਉਪਨਾਮ ਵਜੋਂ ਅਪਣਾ ਲਿਆ ਤੇ ਉਹ ਤਰਨ ਸਿੰਘ ਵਹਿਮੀ ਹੋ ਗਏ। ਸੰਤ ਤਰਨ ਸਿੰਘ ਜੀ ਦਸਦੇ ਹੁੰਦੇ ਸਨ ਕਿ ਇਕ ਵਾਰੀ ਕਿਸੇ ਨੇ ਉਨ੍ਹਾਂ ਦੇ ਇਸ ਉਪਨਾਮ ਤੇ ਕੁਝ ਕਿੰਤੂ ਕਰਕੇ ਇਸ ਨੂੰ ਛੁਟਿਆਉਣ ਦਾ ਜਤਨ ਕੀਤਾ ਤਾਂ ਇਨ੍ਹਾਂ ਨੇ ਤਿੰਨ ਕਬਿਤ ਘੜ ਮਾਰੇ ਜਿਨ੍ਹਾਂ ਵਿਚ ਹੋਰ ਕਿੰਨੇ ਵਹਿਮੀਆਂ ਦੀ ਗਿਣਤੀ ਕੀਤੀ ਗਈ ਸੀ। ਰੱਬ ਤੋਂ ਸ਼ੁਰੂ ਕਰਕੇ ਧਰਤੀ ਦੇ ਵਸਨੀਕਾਂ ਤਕ ਵਹਿਮ ਦਾ ਜਾਲ ਖਿਲਾ-ਰਿਆ ਦਸਿਆ ਹੈ। ਪਾਠਕਾਂ ਦੀ ਦਿਲਚਸਪੀ ਲਈ ਕੇਵਲ ਇਕੋ ਕਬਿਤ ਹਾਜ਼ਰ ਹੈ—

Sri Satguru Jagjit Singh Ji Elibrary NamdhariElibrary@gmail.com

ਕਿਸੇ ਨੂੰ ਹੈ ਵਹਿਮ ਕਾਰੋਬਾਰ, ਨਾਰ, ਪੁਤਰਾਂ ਦਾ,
ਕਿਸੇ ਨੂੰ ਹੈ ਵਹਿਮ ਚੋੜ ਇਜ਼ਤ ਕਿਆਸ ਦਾ।
ਕਿਸੇ ਨੂੰ ਹੈ ਵਹਿਮ ਵਾਧੂ ਗੱਲਾਂ ਸੁਣਨ ਦਾ ਹੀ,
ਕਿਸੇ ਨੂੰ ਹੈ ਵਹਿਮ ਮੈਥੋਂ ਵਧ ਜਾਏ ਨਾ ਪਾਸ ਦਾ।
ਕਿਸੇ ਨੂੰ ਹੈ ਵਹਿਮ ਮੇਰੀ ਮਾਇਆ ਪਾਇਆਂ ਹੋਰ ਹੋਵੇ,
ਕਿਸੇ ਨੂੰ ਹੈ ਵਹਿਮ ਖਾਣ ਖੇਡਣ ਲਿਬਾਸ ਦਾ।
ਇਕ ਇਕ ਵਹਿਮ ਵਿਚ ਰੁਝੀ ਸਾਰੀ ਦੁਨੀਆਂ ਜਿਉਂ,
ਵਹਿਮੀ ਨੂੰ ਹੈ ਵਹਿਮ ਨਾਮਧਾਰੀ ਇਤਿਹਾਸ ਦਾ।

ਵਹਿਮੀ ਦੀ ਕਾਵਿ ਕਲਾ

ਜਿਵੇਂ ਪਹਿਲਾਂ ਜ਼ਿਕਰ ਕੀਤਾ ਜਾ ਹੀ ਚੁਕਾ ਹੈ ਕਿ ਵਹਿਮੀ ਜੀ ਨੇ ਪਹਿਲਾਂ ਪਹਿਲ ਕਵਿਤਾ ਲਿਖਣੀ ਹੀ ਸ਼ੁਰੂ ਕੀਤੀ। ਇਹ ਕਵਿਤਾ ਨਿਸ਼ਚੇ ਹੀ ਧਾਰਮਿਕ ਰੰਗਤ ਦੀ ਜਾਂ ਇਤਿਹਾਸਕ ਤਥਾਂ ਤੇ ਘਟਨਾਵਾਂ ਨਾਲ ਸਬੰਧਤ ਹੁੰਦੀ ਸੀ ਕਿਉਂਕਿ ਹੋਰ ਕਿਸੇ ਚੱਕਰ ਵਿਚ ਵਹਿਮੀ ਹੋਰੀਂ ਪਏ ਹੀ ਨਹੀਂ ਸਨ। ਵਹਿਮੀ ਜੀ ਦੀ ਕਵਿਤਾ ਵਿਚ ਵਜ਼ਨ, ਤੋਲ, ਸ਼ਬਦਾਵਲੀ ਅਰਥਾਤ ਰੂਪਕ ਤੇ ਭਾਵਕ ਪੱਖ ਦੋਵੇਂ ਹੀ ਲਗਦੀ ਵਾਹ ਪੂਰੇ ਤੇ ਢੁਕਵੇਂ ਹਨ। ਵਹਿਮੀ ਹੋਰੀ ਛੰਦ ਰਹਿਤ ਕਵਿਤਾ ਨੂੰ ਕਵਿਤਾ ਨਹੀਂ ਮੰਨਦੇ ਸਨ। ਉਹਨਾਂ ਦੀ ਆਪਣੀ ਸਾਰੀ ਕਵਿਤਾ ਛੰਦ ਬਧ ਹੈ। ਜਿਸ ਦਾ ਬਹੁਤਾ ਹਿੱਸਾ ਕਵੀ ਦਰਬਾਰਾਂ, ਬਹਿਸਾਂ ਜਾਂ ਹੋਰ ਸਭਾਵਾਂ ਵਿਚ ਸੁਣਾਇਆ ਜਾ ਚੁਕਾ ਹੈ। ਉਹਨਾਂ ਦੀ ਕਵਿਤਾ ਵਿਚ ਚੌਪਈ, ਦੋਹਿਰਾ, ਕਬਿਤ, ਬੈਂਤ, ਨਿਸ਼ਾਨੀ ਛੰਦ ਤੇ ਸੁਵਿਜਾ ਆਦਿ ਮਿਲਦੇ ਹਨ। ਪਰ ਕਬਿਤ ਦੀ ਹੀ ਬਹੁਲਤਾ ਹੈ ਸ਼ਾਇਦ ਇਸ ਸਮੇਂ ਦੇ ਨਾਮਧਾਰੀ ਸਮਾਜ ਵਿਚ ਕੋਰੜੇ ਤੇ ਬੈਂਤ ਛੰਦ ਨੂੰ ਕੁਝ ਤ੍ਰਿਸਕਾਰ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੋਵੇ ਕਿਉਂਕਿ ਵਹਿਮੀ ਜੀ ਕੋਲੋਂ ਕੋਰੜਾ ਕਦੇ ਸੁਣਨ ਵਿਚ ਹੀ ਨਹੀਂ ਸੀ ਆਇਆ। ਚੱਕਰਵਰਤੀ ਹੋਰੀਂ ਵਹਿਮੀ ਹੋਰਾਂ ਨੂੰ ਨਾਮਧਾਰੀਆਂ ਦਾ 'ਰਾਸ਼ਟਰ ਕਵੀ' ਤਕ ਕਹਿੰਦੇ ਸਨ। ਵਹਿਮੀ ਜੀ ਦੀ ਕਵਿਤਾ ਵਿਸ਼ੇ ਵਿਸ਼ੇ ਵਸਤੂ ਦੀ ਘਾਟ ਕਦੇ ਮਹਿਸੂਸ ਹੁੰਦੀ ਨਹੀਂ ਜਾਪਦੀ। ਸਮਸਿਆ ਤੇ ਲਿਖੀਆਂ ਅਨੇਕਾਂ ਕਵਿਤਾਵਾਂ ਪ੍ਰਮਾਣ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਸਤਿਗੁਰੂ ਰਾਮ ਸਿੰਘ ਦੇ ਵਿਛੋੜ ਵਿਚ ਲਿਖਿਆ ਇਕ ਕਬਿਤ ਵੰਨਗੀ ਵਜੋਂ ਪੇਸ਼ ਹੈ—

ਲੋਕ ਕਰੇ ਹਾਸੀ ਨਾ ਉਦਾਸੀ ਵੀ ਖਲਾਸੀ ਕਰੇ,
ਪ੍ਰੀਤਮ ਵਿਦੇਸ਼ ਵਾਸੀ, ਖਾਸੀ ਦੇਰੀ ਲਾਈ ਏ।
ਆਸੀ ਇਸ ਦਾਸੀ ਨੂੰ ਚੌਰਾਸੀ ਜੁਗ ਬੀਤ ਚੁਕੇ,
ਸੁਕੇ ਉਕੇ ਆਂਸੂ ਭੀ ਨਾ ਨਾਸੀ ਨਾ ਜੁਦਾਈ ਏ।
ਹੋਵੇ ਮੇਰਾ ਹੇਤੀ ਉਹਦਾ ਭੇਤੀ ਏਤੀ ਪੀਆ ਸੇਤੀ,
ਕਹੇ ਆਵੋ ਛੇਤੀ ਸਿੱਖੀ ਖੇਤੀ ਮੁਰਦਾਈ ਏ।
ਲੁਟ ਲਿਆ ਵਹਿਮੀ ਨਾਮਾਂ ਨੀਮਾ ਹੈ ਹਕੀਮਾਂ ਨੀਮਾ,
ਤੇਰੇ ਪਾਸ ਪ੍ਰੀਤਮਾਂ ਯਤੀਮਾਂ ਦੀ ਦੁਆਈ ਏ।

ਇਤਿਹਾਸ ਪ੍ਰਤੀ ਪਹੁੰਚ

ਵਹਿਮੀ ਹੋਰਾਂ ਨੂੰ ਨਿਰਸੰਦੇਹ ਸਾਰਾ ਵਹਿਮ ਇਤਿਹਾਸਕ ਗਲਤੀਆਂ ਨੂੰ ਸੁਧਾਰਨ ਤੇ ਸਹੀ ਰੂਪ ਵਿਚ ਘਟਨਾਵਾਂ ਨੂੰ ਪਾਠਕਾਂ ਦੇ ਪੇਸ਼ ਕਰਨ ਦਾ ਹੀ ਸੀ। ਆਪ ਭਾਵੇਂ ਕਵਿਤਾ ਲਿਖਦੇ ਭਾਵੇਂ ਵਾਰਤਕ, ਉਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਇਤਿਹਾਸ ਨੂੰ ਥਾਂ ਦੇਣ ਦਾ ਜਤਨ ਜ਼ਰੂਰ ਕਰਦੇ। ਭਾਵੇਂ ਸਾਡਾ ਬਹੁਤਾ ਇਤਿਹਾਸ ਕਵਿਤਾ ਵਿਚ ਹੀ ਰਚਿਆ ਮਿਲਦਾ ਹੈ ਫਿਰ ਵੀ ਆਮ ਪਾਠਕ ਉਸ ਤੋਂ ਲਾਭ ਨਹੀਂ ਉਠਾ ਸਕਦਾ ਕਿਉਂਕਿ ਹਰ ਪਾਠਕ ਉਤਮ ਕਵੀ ਦੀ ਪੱਧਰ ਦਾ ਨਹੀਂ ਹੁੰਦਾ ਤੇ ਮਾੜਾ ਮੋਟਾ ਤੁਕ ਬੰਦ ਕਵੀ ਕਵਿਤਾ 'ਚ ਇਤਿਹਾਸ ਨਹੀਂ ਲਿਖ ਸਕਦਾ।

ਵਹਿਮੀ ਹੋਰਾਂ ਦੀ ਇਤਿਹਾਸ ਪ੍ਰਤੀ ਪਹੁੰਚ ਬੜੀ ਨਿਗਰ ਸੀ। ਉਹ ਕਹਿੰਦੇ ਸਨ—

ਬਿਨ ਇਤਿਹਾਸ ਹੈ ਬੋਲਨਾਂ ਢੋਲ ਦੇ ਪੋਲ ਸਮਾਨ।
ਢਕਾ ਬਜੇ ਬਡ ਸਜੇ ਜੋ ਖੁਲਾ ਸੋ ਰੂਪ ਹੋਏ ਹਾਨ।

ਅਤੇ

ਇਤਿਹਾਸ ਹੀ ਰਾਸ ਏ ਇਤਿਹਾਸ ਹੀ ਪ੍ਰਕਾਸ ਏ।
ਹੈ ਇਤਿਹਾਸ ਨਾ ਤਾਂ ਕੀ ਇਹਦੇ ਪਾਸ ਏ ?

ਵਹਿਮੀ ਜੀ ਨੇ ਆਪਣੀ ਸਾਰੀ ਉਮਰ ਹੀ ਨਾਮਧਾਰੀ ਇਤਿਹਾਸ ਨੂੰ ਕਲਮਬੰਦ ਕਰਨ ਦੇ ਲੇਖੇ ਹੀ ਲਾ ਦਿਤੀ। ਇਸ ਦੇ ਦੋ ਸਹਾਈ ਕਾਰਨ ਸਨ ਜਿਨ੍ਹਾਂ ਦੀ ਅਣਹੋਂਦ ਵਿਚ ਸ਼ਾਇਦ ਉਹ ਸਾਹਿਤ ਸਮਾਜ ਨੂੰ ਇਨਾਂ ਭੰਡਾਰਾ ਨਾ ਦੇ ਸਕਦੇ ਜਿੰਨਾ ਉਹ ਦੇ ਗਏ ਹਨ. ਇਹ ਸਨ ਉਹਨਾਂ ਦੇ ਘਰ

Sri Satguru Jagjit Singh Ji Elibrary NamdhariElibrary@gmail.com

ਚਾ ਖੁਲ੍ਹਾਂ ਗੁਜ਼ਾਰਾ ਤੇ ਪਰਵਾਰਕ ਚਿੰਤਾਵਾਂ ਤੋਂ ਛੁਟੀ। ਇਹੋ ਕਾਰਨ ਸੀ ਕਿ ਵਹਿਮੀ ਹੋਰੀਂ ਜਦ ਕਦੇ ਵੀ ਮਿਲਦੇ ਤਾਂ ਉਹਨਾਂ ਦੇ ਹਥਾਂ ਵਿਚ ਇਕ ਝੋਲਾ ਜ਼ਰੂਰ ਹੁੰਦਾ ਜਿਵੇਂ ਇਹ ਉਹਨਾਂ ਦਾ ਅਨਿਖੜਵਾਂ ਅੰਗ ਹੀ ਹੋਵੇ। ਇਸ ਝੋਲੇ ਵਿਚ ਉਹ ਆਪਣਾ ਸਮਾਨ ਕਾਗਜ਼ ਪੈਨਸਲ ਆਦਿ ਤਿਆਰ ਬਰ ਤਿਆਰ ਰਖਦੇ ਸਨ। ਕੀ ਪਤਾ ਕਿਥੋਂ, ਕਦੋਂ ਤੇ ਕਿਹੜੀ ਚੀਜ਼ ਮਿਲ ਜਾਵੇ ? ਵਹਿਮੀ ਹੋਰਾਂ ਦੀ ਇਤਿਹਾਸ ਲਗਨ ਦਾ ਜ਼ਿਕਰ ਕਰਦੇ ਹੋਏ ਚਕਰਵਰਤੀ ਜੀ ਇਕ ਥਾਂ ਲਿਖਦੇ ਹਨ—"ਵਹਿਮੀ ਜੀ ਜਦ ਵੀ ਕਦੇ ਮੈਨੂੰ ਮਿਲੇ, ਉਹਨਾਂ ਆਪਣੇ ਨਿੱਜੀ ਸਵਾਰਥ ਤੇ ਕੰਮ ਧੰਧੇ ਦੀ ਕਦੀ ਵੀ ਕੋਈ ਗੱਲ ਨਹੀਂ ਕੀਤੀ। ਉਹ ਜਦ ਵੀ ਗੱਲ ਕਰਦੇ ਸਨ ਤਦ ਪੰਥਕ ਇਤਿਹਾਸ, ਪੰਥਕ ਰਵਾਇਤੀ ਵਾਕਯਾਤ ਦੀ ਪੁਛ ਤੇ ਖੋਜ ਸਬੰਧੀ ਹੀ ਕਰਦੇ ਹਨ। ਇਸ ਖੋਜ ਨੇ ਸੱਚਮੁਚ ਹੀ ਉਹਨਾਂ ਨੂੰ ਵਹਿਮੀ ਬਣਾ ਦਿਤਾ ਹੈ।" ਪੰਜ ਨਿਰਨੈ, ਨਦੇੜੋਂ ਬਾਅਦ, ਇਤਿਹਾਸਕ ਕਾਵਿ ਸੰਗ੍ਰਹਿ, ਸਚਹੁ ਉਰੈ ਸਭੁ ਕੋ ਤੇ 'ਜਸ ਜੀਵਨ' ਉਹਨਾਂ ਦੀਆਂ ਇਤਿਹਾਸ ਨਾਲ ਸਬੰਧਤ ਪ੍ਰਸਿਧ ਰਚਨਾਵਾਂ ਹਨ।

ਇਤਿਹਾਸ ਸਚਮੁਚ ਹੀ ਇਕ ਬਹੁਤ ਵੱਡਾ ਵਿਸ਼ਾ ਹੈ ਪਰ ਨਾਮਧਾਰੀ ਇਤਿਹਾਸ ਨੂੰ ਵਹਿਮੀ ਹੋਰਾਂ ਦੀ ਦੇਣ ਕਦੇ ਵੀ ਅਖੋਂ ਪਰੋਖੇ ਨਹੀਂ ਕੀਤੀ ਜਾ ਜਾ ਸਕਦੀ ਕਿਉਂਕਿ ਉਨ੍ਹਾਂ ਨੇ ਬੇਫਿਕਰੀ ਦੇ ਜੀਵਨ ਦੇ ਕੀਮਤੀ ਵਰ੍ਹੇ ਖਰਚ ਕਰਕੇ ਮਿਹਨਤ ਨਾਲ ਜਿਹੜਾ ਮਸਾਲਾ ਪੰਜਾਬੀ ਪ ਠਕਾਂ ਲਈ ਤਿਆਰ ਕੀਤਾ ਉਸਦੀ ਚਿੰਤਾਗ੍ਰਸਤ ਤੇ ਰੁਝੇਵਿਆਂ ਵਿਚ ਰੁਝੇ ਹੋਰਨਾਂ ਤੰਗ ਦਸਤ ਖੋਜੀਆਂ ਕੋਲੋਂ ਆਸ ਘਟ ਹੀ ਹੋ ਸਕਦੀ ਹੈ। ਫਿਰ ਇਹ ਸਮਗਰੀ ਅਜਿਹੀ ਹੈ ਜੋ ਹਰ ਨਾਮਧਾਰੀ ਤੇ ਨਾਮਧਾਰੀਆਂ ਨਾਲ ਸਬੰਧਤ ਵਿਸ਼ੇ ਤੇ ਲਿਖਣ ਵਾਲੇ ਹੋਰਨਾਂ ਲੇਖਕਾਂ ਲਈ ਵੀ ਚਾਨਣ ਮੁਨਾਰੇ ਦਾ ਕੰਮ ਦੇਣ ਵਾਲੀ ਹੈ।

ਵਹਿਮੀ ਜੀ ਦੀ ਸ਼ੈਲੀ

ਵਹਿਮੀ ਜੀ ਸਕੂਲੇ ਕੇਵਲ ਪੰਜ ਜਮਾਤਾਂ ਹੀ ਪੜ੍ਹੇ ਹੋਏ ਸਤੇ ਤੇ ਬਾਕੀ ਦੀ ਪੜ੍ਹਾਈ ਉਹਨਾਂ ਨੇ ਧਾਰਮਕ ਗ੍ਰੰਥਾਂ ਜਾਂ ਇਤਹਾਸਾਂ ਦੇ ਪਾਠਾਂ ਤੋਂ ਹੀ ਕੀਤੀ ਸੀ—ਇਸ ਲਈ ਕੁਦਰਤੀ ਤੌਰ ਤੇ ਉਹਨਾਂ ਉਪਰ ਉਹੋ ਜਿਹਾ ਹੀ ਪ੍ਰਭਾਵ ਸੀ। ਉਹਨਾਂ ਦੀ ਲਿਖਣ ਸ਼ੈਲੀ ਉਹਨਾਂ ਪੁਰਾਤਨ ਗ੍ਰੰਥਾਂ ਦੇ ਲਿਖਾਰੀਆਂ ਦੇ ਬਹੁਤ ਨੇੜੇ ਸੀ ਤੇ ਵੀਹਵੀਂ ਸਦੀ ਤੋਂ ਕੋਹਾਂ ਦੂਰ। ਇਹ ਕੋਈ ਅਚੰਭੇ ਦੀ ਗੱਲ ਨਹੀਂ ਕੇ ਉਹਨਾਂ ਦੀ ਵਾਰਤਕ ਨਾਲੋਂ ਕਵਿਤਾ ਸਗੋਂ ਵਧੇਰੇ ਸਰਲ ਤੇ ਸਪੱਸ਼ਟ ਜਾਪੇਗੀ। ਮੇਰਾ ਆਪਣਾ ਅਨੁਮਾਨ ਹੈ ਕਿ ਵਰਤਮਾਨ ਬੀ. ਏ. ਪਾਸ ਵਿਦਿਆਰਥੀ ਵੀ ਉਹਨਾਂ ਦੀ ਵਾਰਤਕ ਨੂੰ ਇਕ ਵਾਰੀ ਪੜ੍ਹਕੇ ਪੂਰੀ ਤਰ੍ਹਾਂ, ਸਮਝ ਨਹੀਂ ਸਕੇਗਾ। ਇਕ ਨਮੂਨਾ ਇਸ ਦਾ ਵੀ ਪਾਠਕਾਂ ਦੀ ਭੇਟਾ ਹੈ :

"ਜੋ ਵਜੀਰ ਖਾਂ ਸਰਹਿੰਦ ਦਾ ਭੇਜਿਆ ਪਠਾਨ ਦੇ ਸਬੂਤ ਲਈ ਕਰਤਾਰ ਸਿੰਘ ਐਮ. ਏ. ਜੀ ਨੇ ਗੁਰੂ ਹਰਿ-ਗੋਬਿੰਦ ਜੀ ਨੂੰ ਜਹਾਂਗੀਰ ਦੇ ਚੰਦੂ ਦੇ ਫੜਾਨ ਦੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਕਰਨ ਦੇ ਅਪ੍ਰਾਧ ਵਿਚ ਮਿਸਾਲ ਦਿਤੀ ਹੈ। ਉਹ ਭਾਵੇਂ ਆਪਣੇ ਥਾਂ ਠੀਕ ਹੀ ਜਹਾਂਗੀਰ ਨੇ ਕੀਤਾ ਸੀ ਤੇ ਗੁਰੂ ਹਰਿ ਗੋਬਿੰਦ ਜੀ ਵੀ ਚੰਦੂ ਨੂੰ ਨੱਕ ਨੱਥ ਪਾ ਲਾਹੌਰ ਵਿਚ ਘੁਮਾਕੇ ਬੁਰੀ ਤਰ੍ਹਾਂ ਮਾਰਿਆ ਸੀ। ਪਰ ਫੇਰ ਵੀ ਬਾਦ ਸਾਰੇ ਜੀਵਨ ਵਿਚ ਗੁਰੂ ਹਰਿਗੋਬਿੰਦ ਜੀ ਉਸੇ ਤੁਰਕ ਰਾਜ ਨਾਲ ਭਾਰੇ ਜੰਗ ਕੀਤੇ ਜੋ ਦੱਬਾ ਪਿਆ ਹੋਇਆ ਸੀ ਬਾਦਸ਼ਾਹੀ ਦਾ ਉਸ ਨੂੰ ਪਰੇ ਕਰ ਕੇ ਵਿਖਾ ਦਿਤਾ ਸੀ।"

ਮੈਂ ਇਕ ਵਾਰੀ ਵਹਿਮੀ ਜੀ ਨੂੰ ਸੁਝਾਅ ਦਿਤਾ ਸੀ ਕਿ ਉਹ ਆਪਣੀ ਸ਼ੈਲੀ ਨੂੰ ਕੁਛ ਸਰਲ ਤੇ ਸਪੱਸ਼ਟ ਬਨਾਉਣ ਦੀ ਖੇਚਲ ਕਰਨ ਤਾਂ ਕਿ ਵਰਤਮਾਨ ਸਦੀ ਦੇ ਪਾਠਕ ਵੀ ਉਹਨਾਂ ਦੀ ਮਿਹਨਤ ਦੀ ਦਾਦ ਦੇ ਸਕਣ ਕਿਉਂਕਿ ਉਹਨਾਂ ਦੀ ਸ਼ੈਲੀ ਭਾਈ ਬਾਲੇ ਦੀ ਜਨਮ ਸਾਖੀ ਨਾਲ ਮੇਲ ਖਾਂਦੀ ਹੈ। ਅਗੋਂ ਵਹਿਮੀ ਜੀ ਨੇ ਉਤਰ ਦਿਤਾ ਕਿ ਇਹ ਉਹਨਾਂ ਦੀ ਆਪਣੀ ਸ਼ੈਲੀ ਹੈ, ਜਦੋਂ ਉਹ ਲਿਖਦੇ ਹੀ ਇਸ ਵਿਚ ਹਨ ਤਾਂ ਇਸ ਨੂੰ ਸੁਧਾਰਨ ਕਿਵੇਂ ? 'ਲੜਕਿਆਂ ਕੋਲੋਂ ਲਿਖ-ਵਾਏ ਤਾਂ ਕੋਈ ਕਿਵੇਂ ਸਮਝੇਗਾ ਕਿ ਵਹਿਮੀ ਦੀ ਸ਼ੈਲੀ ਕਿਹੜੀ ਸੀ—ਇਸ ਲਈ ਜਿਸ ਨੂੰ ਮੇਰੀ ਮਿਹਨਤ ਦਾ ਖਿਆਲ ਹੋਵੇਗਾ ਉਹ ਮੇਰੀ ਇਸੇ ਸ਼ੈਲੀ ਨੂੰ ਹੀ ਪੜ੍ਹੇਗਾ।"

ਅੰਬ ਦੇ ਥਾਂ ਅੰਬ

ਆਮ ਪੰਜਾਬੀ ਕਹਾਵਤ ਹੈ ਕਿ ਅੰਬ ਦੇ ਥਾਂ ਅੰਬ ਕਦੇ ਘੱਟ ਹੀ ਲੱਗਦਾ ਹੈ। ਬਹੁਤੇ ਹੋਰਨਾਂ ਲੇਖਕਾਂ ਸਮੇਤ

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਲੇਖਕਾਂ ਤੇ ਵੀ ਇਹ ਗੱਲ ਇੰਨ ਬਿੰਨ ਢੁਕਦੀ ਜਾਪਦੀ ਹੈ। ਭਾਈ ਸੰਤੋਖ ਸਿੰਘ ਤੋਂ ਲੈ ਕੇ ਚਕਰਵਰਤੀ ਹੋਰਾਂ ਤਕ ਛੁਟ ਬਾਬਾ ਕਾਹਲਾ ਸਿੰਘ ਜਿੰਨੇ ਨਾਂ ਨਾਮਧਾਰੀ ਲੇਖਕਾਂ ਦੇ ਗਿਣੇ ਗਏ ਹਨ ਉਹਨਾਂ, ਵਿਚੋਂ ਕਿਸੇ ਦੇ ਵੀ ਪਰਵਾਰ ਵਿਚ ਇਹ ਪਿਰਤ ਅਗੇ ਨਹੀਂ ਤੁਰੀ। ਵਹਿਮੀ ਹੋਰਾਂ ਨੇ ਆਪਣੇ ਜਤਨਾਂ ਨਾਲ ਦੋ ਬੂਟੇ ਆਪਣੇ ਪਰਵਾਰ ਵਿਚ ਲਾਏ ਸਨ ਸ੍ਰੀ ਸਾਧੂ ਸਿੰਘ ਕਿਸਾਨ ਤੇ ਗੁਰਦੇਵ ਸਿੰਘ ਪਰ ਸਮੇਂ ਦੇ ਪ੍ਰਭਾਵ ਕਾਰਨ, ਜਾਪਦਾ ਹੈ, ਵਹਿਮੀ ਹੋਰਾਂ ਦੇ ਜੀਵਨ ਕਾਲ ਵਿਚ ਹੀ ਉਹਨਾਂ ਦੀ ਦਿਲ-ਚਸਪੀ ਇਸ ਖੇਤਰ ਵਿਚੋਂ ਘਟ ਚੁਕੀ ਸੀ ਜਿਸ ਕਾਰਨ ਕਦੇ ਉਹਨਾਂ ਦੀ ਕੋਈ ਰਚਨਾ ਪੜ੍ਹਨ ਸੁਣਨ ਨੂੰ ਨਹੀਂ ਮਿਲੀ। ਇਸ ਦਾ ਘਾਟਾ ਦੋਹੀਂ ਪਾਸੀਂ ਹੀ ਅਨੁਭਵ ਹੋਵੇਗਾ—ਪਰਵਾਰ ਵਿਚ ਵੀ ਤੇ ਪੰਥ ਵਿਚ ਵੀ।

ਉਤਸ਼ਾਹ ਵਰਧਕ

ਵਹਿਮੀ ਹੋਰੀਂ ਦੂਜੇ ਨੌਜੁਆਨਾਂ ਲਈ ਵੀ ਬਹੁਤ ਉਚ ਤੇ ਪਿਆਰ ਭਾਵਨਾਵਾਂ ਰਖਦੇ ਸਨ। ਕੋਈ ਵੀ ਜ਼ਰੂਰੀ ਕੰਮ ਛੱਡ ਕੇ ਉਹ ਨੌਜੁਆਨਾਂ ਨੂੰ ਸਾਹਿਤਕ ਤੇ ਇਤਹਾਸਕ ਖੇਤਰ ਸਬੰਧੀ ਜਾਣਕਾਰੀ ਦੇਣ ਲਈ, ਉਹਨਾਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹੀ ਰਹਿੰਦੇ ਸਨ। ਨਾਮਧਾਰੀ ਸਾਹਿਤ ਸਭਾ ਵਿਚ ਉਹ ਗਿਣੇ ਹੋਏ ਦੋ ਚਾਰ ਮੁਖੀਆਂ ਵਿਚੋਂ ਇਕ ਅਤੀ ਲੋੜੀਦੇ ਵਿਅਕਤੀ ਹੁੰਦੇ ਸਨ। ਹਰ ਨਾਮਧਾਰੀ ਕਵੀ ਦਰਬਾਰ ਵਿਚ ਉਹ ਹਾਜ਼ਰ ਹੋ ਕੇ ਨੌਜੁਆਨ ਤੇ ਪੁੰਗਰਦੇ ਕਵੀਆਂ ਨੂੰ ਉਤਸ਼ਾਹ ਦੇਣ ਵਿਚ ਕਦੇ ਢਿਲ ਨਹੀਂ ਸਨ ਹੋਣ ਦਿੰਦੇ। ਨਵੇਂ ਕਵੀਆਂ ਦੀਆਂ ਕਵਿਤਾਵਾਂ ਦੇ ਵਜ਼ਨ, ਤੋਲ ਛੰਦਾ ਬੰਦੀ ਤੇ ਵਿਸ਼ੇ ਵਸਤੂ ਦੇ ਪਖੋਂ ਗਲਤੀਆਂ ਕੱਢ ਕੇ ਉਹਨਾਂ ਨੂੰ ਸੋਧਣ ਦਾ ਕਸ਼ਟ ਵੀ ਕਰਨੋਂ ਨਹੀਂ ਸਨ ਝਿਜਕਦੇ। ਇਹੀ ਕਾਰਨ ਸੀ ਕਿ ਉਹਨਾਂ ਬਹੁਤੇ ਪੁੰਗਰਦੇ ਕਵੀਆਂ ਵਿਚੋਂ ਕਈ ਕਾਫੀ ਅਗੇ ਵੀ ਵਧ ਗਏ ਸਨ। ਇਹਨਾਂ ਵਿਚੋਂ ਬਹੁਤਿਆਂ ਦਾ ਵਹਿਮੀ ਜੀ ਨੂੰ ਬਾਪੂ ਆਖ ਕੇ ਬੁਲਾਉਣਾ ਹੀ ਵਹਿਮੀ ਜੀ ਪ੍ਰਤੀ ਉਹਨਾਂ ਦੇ ਸਤਿਕਾਰ ਤੇ ਸਨੇਹ ਦਾ ਪ੍ਰਗਟਾਵਾ ਕਰਦਾ ਹੈ।

ਮੈਨੂੰ ਵਹਿਮੀ ਜੀ ਦੀ ਯਾਦ ਕਦੇ ਨਹੀਂ ਭੁਲੇਗੀ। ਹਰ ਇਕੱਠ ਤੇ ਉਹ ਮੈਨੂੰ ਲਿਖਣ ਲਈ ਪ੍ਰੇਰਨਾ ਦਿੰਦੇ ਰਹੇ। ਉਨ੍ਹੀਂ ਦਿਨੀਂ ਮੇਰਾ ਧਿਆਨ ਵੀ ਬਹੁਤਾ ਕਵਿਤਾ ਵਲ ਸੀ। ਵਹਿਮੀ ਹੋਰਾਂ ਨੇ ਇਕ ਵਿਸ਼ੇ ਤੇ ਮੈਨੂੰ ਕਾਵਿ ਰਚਨਾਂ ਕਰਨ ਲਈ ਪ੍ਰੇਰਦਿਆਂ ਮੇਰੇ ਖਰੜੇ ਨੂੰ ਛਪਾਉਣ ਦੀ ਜ਼ਿਮੇਵਾਰੀ ਵ... ਚੁਕੀ। ਮੈਂ ਇਹ ਕੰਮ ਸ਼ੁਰੂ ਤਾਂ ਕਰ ਦਿਤਾ ਪਰ ਛੇਤੀ ਹ... ਮੇਰਾ ਸਨੇਹ ਇਤਹਾਸ ਦੇ ਉਸ ਹਿਸੇ ਨਾਲ ਹੋ ਗਿਆ ਜਿਹਦਾ ਵਹਿਮੀ ਹੋਰਾ ਨੂੰ ਵਹਿਮ ਨਹੀਂ ਸੀ ਹੋ ਸਕਿਆ ਤੇ ਨਾਂ ਹੀ ਹੋ ਸਕਦਾ ਸੀ। ਇਸ ਸਨੇਹ ਨੇ ਮੈਨੂੰ ਉਸ ਅਧੂਰੇ ਖਰੜੇ ਦੇ ਕਦੇ ਨੇੜੇ ਜਾਣ ਦਾ ਵੀ ਮੌਕਾ ਨਹੀਂ ਲੱਗਣ ਦਿਤਾ। ਜੇ ਕਦੇ ਉਹ ਖਰੜਾ ਸੰਪੂਰਨ ਹੋ ਗਿਆ ਤਦ ਵੀ ਤੇ ਜੇ ਇੰਜ ਹੀ ਅਧੂਰਾ ਹੀ ਪਿਆ ਰਿਹਾ ਤਦ ਵੀ, ਦੋਹਾਂ ਹਾਲਤਾਂ ਵਿਚ ਹੀ ਉਹ ਮੈਨੂੰ ਵਹਿਮੀ ਜੀ ਦੀ ਯਾਦ ਦਿਵਾਉਂਦਾ ਰਹੇਗਾ।

ਕਾਸ਼! ਵਹਿਮੀ ਜੀ ਕੁਛ ਵਰ੍ਹੇ ਹੀ ਹੋਰ ਸਾਡ... ਸਹਾਇਤਾ ਕਰਨ ਲਈ ਅਟਕ ਜਾਂਦੇ।

ਹਰਿਆਣੇ ਦੇ ਪੰਜਾਬੀ ਲੇਖਕਾਂ ਦਾ ਨਵਾਂ ਯਤਨ

ਸੁਮੇਲ

(ਸਾਹਿਤਕ ਪੰਜਾਬੀ ਦੋਮਾਸਕ)

ਪਹਿਲਾ ਅੰਕ ਅਗਸਤ ੯੦ ਵਿੱਚ

ਪਾਠਕਾਂ ਕੋਲ ਪੁਜ ਰਿਹਾ ਹੈ।

ਚਿੱਠੀ ਪੱਤਰ ਲਈ ਪਤਾ

ਸੰਪਾਦਕ : ਸੁਮੇਲ (ਪੰਜਾਬੀ ਦੋਮਾਸਕ)

ਦਿਆਲ ਪੁਰਾ, ਕਰਨਾਲ-੧੩੨੦੦੧

Sri Satguru Jagjit Singh Ji Elibrary NamdhariElibrary@gmail.com

ਪਿਆਰਾ ਬਾਪੂ

—ਗੁਰਬਖਸ਼ ਸਿੰਘ ਰਾਮਪੁਰੀ

ਆਪ ਜੀ ਵਹਿਮੀ ਜੀ ਬਾਰੇ ਸੋਚਦੇ ਹੀ ਹੋਵੋਗੇ ਕਿ ਇਹਨਾਂ ਨੂੰ ਆਮ ਲੋਕ ਬਾਪੂ ਜੀ ਹੀ ਕਰਕੇ ਬੁਲਾਂਦੇ ਨੇ। ਕਿਉਂਕਿ ਬਾਪੂ ਸ਼ਬਦ ਦਾ ਿਰਤ ਨਾਲ ਸਬੰਧ ਹੈ। ਪਰੰਤੂ ਉਹਨਾਂ ਅੰਦਰ ਇਸ ਸਕੀਰੀ ਨਾਲੋਂ ਵਖਰਾ ਸਬੰਧ ਸੀ। ਏਕ ਪਿਤਾ ਏਕਸ ਕੇ ਹਮ ਬਾਰਕ, ਤੂੰ ਮੇਰਾ ਗੁਰੂ ਹਾਈ ਦਾ ਮੁਖ ਵਾਕ ਹੀ ਪਰਵ੍ਰਿਤ ਸੀ। ਹਰ ਵਾਰ ਇੰਜ ਹੁੰਦਾ ਕਿ ਫਲਾਣੇ ਦੀ ਧੀ ਸਹੁਰੇ ਦਾ ਰਹੀ ਹੈ। ਪਹੁੰਚ ਕੇ ਨਕਦੀ ਪਿਆਰ ਦੇਣਾ। ਕਈ ਵਾਰ ਕੁੜੀਆਂ ਆਪ ਆ ਕਹਿਣਾ ਬਾਪੂ ਜੀ ਸਤਿ ਸ੍ਰੀ ਅਕਾਲ, ਬਾਪੂ ਨੇ ਧੀਆਂ ਵਾਂਗ ਸਿਰ ਪਲੋਸ ਕੇ ਸੋਹਰੇ ਪੇਕਿਆਂ ਦੀ ਸੁਖ ਪੁਛਣੀ। ਜਾਂਦੀ ਨੂੰ ਫੇਰ ਕੁਝ ਨਾ ਕੁਝ ਦੇਣਾ ਹੀ ਹੁੰਦਾ ਸੀ। ਕਈ ਵਾਰ ਪਿੰਡ ਵਿਚ ਕਿਸੇ ਦਾ ਝਗੜਾ ਹੋਣਾ ਤਾਂ ਵੀ ਦੋਵਾਂ ਦਾ ਬਾਪੂ ਬਣਕੇ ਨਿਬੇੜਨਾ ਆਪਣੇ ਹੀ ਪੁੱਤਾਂ ਵਾਂਗ ਪਿਆਰਨਾ। ਇਹ ਬਾਪੂ ਹੋਣ ਦੇ ਪ੍ਰਤੀਕ ਸਨ। ਕਈ ਵਾਰ ਮੇਰੇ ਡੇਰੇ ਤੇ ਉਚੇਚੇ ਆਉਣ। ਜੋ ਕਿ ਪਿੰਡੋਂ ਬਾਹਰਵਾਰ ਕੁਝ ਫਾਸਲੇ ਤੇ ਹੈ। ਸਤਿ ਸ੍ਰੀ ਅਕਾਲ ਹੋਣ ਤੋਂ ਬਾਅਦ ਮਾਲ, ਫਸਲ, ਦੁਧ, ਬੱਚੇ ਤੇ ਬਚਿਆਂ ਦੀ ਮਾਂ ਤੇ ਸਭ ਦੀ ਸੁਖ ਸਾਂਦ ਪੁਛਣੀ। ਅਖੀਂ ਹਾਲਤ ਵੇਖ ਨਿਜੀ ਬਾਪੂ ਵਾਂਗ। ਜਦੋਂ ਤੋਂ ਉਹਨਾਂ ਲਿਖਣਾ ਆਰੰਭ ਕੀਤਾ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਤੇ ਸਰੋਠ ਬੀਜਾ ਤੇ ਇਛਾ ਪੂਰਕ ਸੱਚੋਂ ਉਰੇ, ਪੰਜ ਨਿਰਣੇ, ਨਦੇੜੋਂ ਬਾਅਦ, ਦਸਮ ਗੁਰ ਦਰਸ਼ਨ, ਸੇਵਾ ਸਾਹਿਬ ਤੇ ਜਸ ਜੀਵਨ ਆਪਣੀ ਜੇਬੋਂ ਛਪਵਾ ਕੇ ਭੇਂਟ ਕੀਤੇ। ਤਾਂ ਵਡੇ ਵਡੇ ਲੇਖਕਾਂ ਨੇ ਵੀ ਆਪ ਨੂੰ ਬਾਪੂ ਕਹਿ ਕੇ ਸਿਰ ਨਿਵਾਇਆ। ਨਾਮਧਾਰੀ ਸਾਹਿਤ ਸਭਾ ਨੂੰ ਕਵੀ ਬਨਾਣ ਵਿਚ ਜਿਥੇ ਉਸਤਾਦਾਂ ਵਾਲਾ ਭਾਰ ਨਿਭਾਇਆ, ਉਥੇ ਜੇਬੋਂ ਪੈਸੇ ਦੇ ਕੇ ਸਭਾ ਦੀ ਮਦਦ ਕੀਤੀ। ਹੋਰ ਤਾਂ ਕੀ ਕਹਿਣਾ ਹੈ। ਇਹ ਮੰਨਣਾ ਪਵੇਗਾ ਕਿ ਬਾਰਵੀਂ ਪਾਤਸ਼ਾਹੀ ਦੀ ਬਾਰਵੀਂ ਸੰਗਤਾਂ ਇਕਠੀਆਂ ਕਰਕੇ ਮਨਾਂਦੇ ਮਨਾਂਦੇ ਬਾਪੂ ਹੀ ਬਣ ਗਏ ਸਨ। ਅੰਤ ਸਮੇਂ ਉਹਨਾਂ ਨੂੰ ਸ਼ਰਧਾਂਜਲੀਆਂ ਅਰਪਨ ਕਰਨ ਵਾਲੇ ਵੀ ਬਾਪੂ ਸ਼ਬਦ ਤੇ ਹੀ ਸ਼ਰਧਾਂਜਲੀ ਅਰਪਿਤ ਕਰਦੇ ਤੇ ਬਾਪੂ ਕਹਿ ਕੇ ਹੀ ਆਪਣੀ ਜਗਾਹ ਲੈਂਦੇ। ●

ਵਹਿਮੀ ਲਿਖਤ ਪੁਸਤਕਾਂ

੧. ਪੰਜ ਨਿਰਨੇ	ਖੋਜ
੨. ਸ ਫ ਪਾਣੀ	ਕਵਿਤਾ ਖੋਜ
੩. ਇੱਛਾ ਪੂਰਕ	ਕਵਿਤਾ ਇਤਿਹਾਸ
੪. ਸੋਰਠ ਬੀਜਾ	ਕਵਿਤਾ
੫. ਗੁਰ ਪ੍ਰਕਾਸ਼	ਖੋਜ
੬. ਸਚਹੁ ਓਰੇ ਸਭ ਕੋ	ਖੋਜ
੭. ਇਤਿਹਾਸਕ ਕਾਵਿ ਸੰਗ੍ਰਹਿ	ਸੰਪਾਦਿਤ
੮. ਨਦੇੜੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ	ਖੋਜ
੯. ਨਦੇੜੋਂ ਬਾਦ ਦਸਮ ਗੁਰੂ ਦਰਸ਼ਨ	ਖੋਜ
੧੦. ਜੱਸ ਜੀਵਨ (ਤਿੰਨ ਹਿਸੇ) (ਜੀਵਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ)	
੧੧. ਸੁਹੇਵਾ ਸਾਹਿਬ	ਖੋਜ
੧੨. ਅੱਖੀਆਂ ਤੇ ਪਰੇਮ ਅੱਖਰ	ਕਵਿਤਾ
੧੩. ਜੱਸ ਜੀਵਨ ਦੋ ਹਿੱਸੇ	ਪਰੇਸ ਵਿਚ
੧੪. ਨਦੇੜ ਨਰ ਨਾਟਕੋਂ ਬਾਦ	ਅਣ ਛਪਿਆ
੧੫. ਗੁਰ ਵੀਚਾਰ	ਅਣ ਛਪਿਆ
੧੬. ਉੱਚ ਜੀਵਨ	ਅਣ ਛਪਿਆ

○

Sri Satguru Jagjit Singh Ji Elibrary NamdhariElibrary@gmail.com

ਰਾਜ ਸਭਾ ਦੇ ਨਵੇਂ ਮੈਂਬਰ

ਹੰਸਪਾਲ

ਸ. ਹਰਵਿੰਦਰ ਸਿੰਘ ਹੰਸਪਾਲ ਪਾਰਲੀਮੈਂਟ (ਰਾਜ ਸਭਾ) ਦੇ ਮੈਂਬਰ ਚੁਣੇ ਗਏ ਹਨ । ਉਹ ਕਾਂਗਰਸ (ਆਈ) ਦੀ ਟਿਕਟ ਤੇ ਪੰਜਾਬ ਵਿਧਾਨ ਸਭਾ ਖੇਤਰ 'ਚੋਂ ੬੪ ਵੋਟਾਂ ਪ੍ਰਾਪਤ ਕਰਕੇ ਚੁਣੇ ਗਏ ਹਨ। ਇਸੇ ਖੇਤਰ ਦੀ ਦੂਸਰੀ ਸੀਟ ਤੋਂ ਅਕਾਲੀ ਦਲ ਦੇ ਸ: ਜਗਦੇਵ ਸਿੰਘ ਤਲਵੰਡੀ ਚੁਣੇ ਗਏ ਹਨ। ਸ: ਹੰਸਪਾਲ ਸਤਿਗੁਰੂ ਜਗਜੀਤ ਸਿਂਘ ਜੀ ਦੇ ਪ੍ਰਮੁਖ ਵਿਸ਼ਵਾਸ ਪਾਤਰਾਂ ਵਿਚੋਂ ਹਨ ਅਤ ਉਨ੍ਹਾਂ ਦੀ ਇਛਿਆ ਨੂੰ ਹੀ ਹੁਕਮ ਸਮਝਦੇ ਹੋਏ ਆਗਿਆ ਪਾਲਣ ਨੂੰ ਆਪਣਾ

ਪਰਮ ਕਰਤਵ ਸਮਝਦੇ ਹਨ। ਉਹ ਟਰੇਡਰਜ਼ ਬੈਂਕ ਦੇ ਡਾਇਰੈਕਟਰ ਹਨ। ਇਸ ਤੋਂ ਇਲਾਵਾ ਕਈ ਲਿਮਟਿਡ ਕੰਪਨੀਆਂ ਦੇ ਡਾਇਰੈਕਟਰ, ਮੈਨੇਜਿੰਗ ਡਾਇਰੈਕਟਰ ਅਤੇ ਪਰੋਮੋਟਰ ਡਾਇਰੈਕਟਰ ਹਨ। ਅਨੇਕਾਂ ਹੀ ਸਮਾਜ ਸੇਵੀ ਸੰਸਥਾਵਾਂ ਨਾਲ ਸਬੰਧਤ ਰਹੇ ਹਨ । ਉਹ 'ਵਰਿਆਮ' ਨਾਲ ਇਸ ਦੇ ਜਨਮ ਤੋਂ ਹੀ ਜੁੜੇ ਹੋਏ ਹਨ ਅਤੇ ਇਸ ਦੀ ਉਨਤੀ ਲਈ ਤਤਪਰ ਰਹਿੰਦੇ ਹਨ। ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਹਨ। ਇਹਨਾਂ ਸਾਰੀਆਂ ਪ੍ਰਾਪਤੀਆਂ ਨੂੰ ਉਹ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ. ਦੀ ਅਪਾਰ ਬਖਸ਼ਿਸ਼ ਹੀ ਮੰਨਦੇ ਹਨ ।

ਸੰਣ ੧੯੬੫ ਤੋਂ ਸੰਪਾਦਕ ਵਰਿਆਮ ਦਾ ਉਹਨਾਂ ਨਾਲ ਬਹੁਤ ਗੂੜ੍ਹਾ ਸਬੰਧ ਚਲਿਆ ਆ ਰਿਹਾ ਹੈ ਅਤੇ ਉਹਨਾਂ ਨੂੰ ਨੇੜਿਉਂ ਹੋ ਕੇ ਦੇਖਣ ਦਾ ਮੌਕਾ ਮਿਲਿਆ ਹੈ। ਸ: ਹਰਵਿੰਦਰ ਸਿੰਘ ਨਾਲ ਕ੍ਰਿਆਸ਼ੀਲਤਾ ਜੁੜੀ ਪਈ ਹੈ। ਉਹਨਾਂ ਦੀ ਹਾਜ਼ਰੀ ਵਿਚ ਗੱਲ ਅਗੇ ਤੁਰਦੀ ਹੈ। ਉਹਨਾਂ ਵਿਚ ਠੀਕ ਨਿਰਨਾ ਲੈਣ ਦੀ ਵੀ ਜੁਰਅਤ ਹੈ ਅਤੇ ਫੇਰ ਉਸ ਨਿਰਣੇ ਤੇ ਤੁਰਨ ਦੀ ਹਿੰਮਤ ਵੀ। ਇਸੇ ਕਰਕੇ ਹੀ, ਭਾਵੇਂ ਉਹਨਾਂ ਕੋਲ ਕੋਈ ਆਹੁਦਾ ਰਿਹਾ ਹੋਵੇ ਜਾਂ ਨਾ ਉਹ ਸਰਗਰਮੀਆਂ ਦੇ ਬਿੰਦੂ ਰਹੇ ਹਨ। ਉਹਨਾਂ ਦੀ ਪਹੁੰਚ ਹਮੇਸ਼ਾ ਸਿਟੇ ਕਢੂ ਹੁੰਦੀ ਹੈ। ਹਰ ਵੇਲੇ ਕੋਈ ਨਾ ਕੋਈ ਸਕੀਮ ਉਹਨਾਂ ਦੇ ਕੋਲ ਹੁੰਦੀ ਹੈ। ਇਹਨਾਂ ਸਕੀਮਾਂ ਦਾ ਤਦੋਂ ਹੀ ਪਤਾ ਲਗਦਾ ਹੈ ਜਦ ਸਿਟੇ ਸਾਹਮਣੇ ਆਉਂਦੇ ਹਨ । ਉਹ 'ਭਾਸ਼ਨਕਾਰ' ਨਹੀਂ ਪਰ ਬਹੁਤ ਵਧੀਆ ਬੋਲਦੇ ਹਨ। ਜਿਨਾ ਬੋਲਦੇ ਹਨ ਸਾਰੇ ਦਾ ਸਾਰਾ ਸਾਰ ਹੁੰਦਾ ਹੈ। ਉਹਨਾਂ ਵਿਚ ਆਪਣਾ ਵਿਰੋਧ ਸੁਣਨ ਦੀ ਵੀ ਸ਼ਕਤੀ ਹੈ ਅਤੇ ਪ੍ਰਤਿਕੂਲ ਪ੍ਰਸਥਿਤੀਆਂ ਵਿਚ ਨਾ ਤਾਂ ਉਹ ਛਿੱਥੇ ਪੈਂਦੇ ਹਨ ਅਤੇ ਨਾ ਆਪਣੀ ਗੱਲ ਤੋਂ ਟਲਦੇ ਹਨ ।

ਮੇਰੇ ਸਾਹਮਣੇ ਉਹਨਾ ਦੀ ਕ੍ਰਿਆਸ਼ੀਲਤਾ ਦੇ ਕਈ ਪੜਾਅ ਹਨ। ਵਿਦਿਅਕ ਜਥੇ ਦੀ ਸਥਾਪਨਾ ਤੋਂ ਲੈ ਕੇ ਵਖ ਵਖ ਯੂਨਿਟਾਂ ਦੀ ਸੰਯੋਜਨਾ। ਦਿੱਲੀ ਵਿਚ ਜਥੇ ਨੂੰ ਸਰਗਰਮ ਕਰਕੇ ਨਾਮਧਾਰੀ ਚਿਤਰ ਪ੍ਰਦਰਸ਼ਨੀ ਨੂੰ ਸਥਾਪਤ ਕਰਨਾ। ਇਹ ਪ੍ਰਦਰਸ਼ਨੀ ਮੇਲਿਆਂ ਤੇ ਅਜ ਵੀ ਭਾਰੀ ਆਕਰਸ਼ਨ ਰਖਦੀ ਹੈ। ਇਸ ਮੰਤਵ ਲਈ ਜਥੇ ਵਿਚੋਂ ਵਾਲੰਟੀਅਰ ਜਥੇਬੰਦ ਕਰਨੇ। ਕੈਲੰਡਰਾਂ, ਤਸਵੀਰਾਂ, ਅਖਬਾਰਾਂ ਅਤੇ ਪੁਸਤਕਾਂ ਦਾ ਪ੍ਰਕਾਸ਼ਨ ਕਰਨਾ। ਸੰਨ ੧੯੭੦ ਵਿਚ ਦਿੱਲੀ ਵਿਚ ਵਿਦਿਅਕ ਜਥੇ ਦਾ ਵਾਰਸ਼ਿਕ ਸਮਾਗਮ ਸੀ ਜਿਸ ਵਿਚ ਦਾਜ ਦੀ ਲਾਅਨਤ ਨੂੰ ਜੜ੍ਹੋਂ ਪੁਟਣ ਲਈ ਨੌਜਵਾਨਾਂ ਨੇ ਪ੍ਰਣ ਲਏ ਸਨ ਅਤੇ ਇਸ ਮੰਤਵ ਲਈ 'ਚੋਰੀ' ਰੋਕਣ ਲਈ ਸੰਘਰਸ਼ ਚਲਾਉਣ ਲਈ ਆਵਾਜ਼ ਉਠਾਈ ਸੀ। ਉਸ ਵਕਤ ਤੋਂ ਅਜ ਤਕ ਕਈ 'ਵੈਰ' ਸਹੇੜ ਕੇ ਵੀ ਹੰਸਪਾਲ ਦਾਜ ਵਿਰੋਧੀ ਮੁਹਿੰਮ ਵਿਚ ਡਟੇ ਹੋਏ ਹਨ ।

Sri Satguru Jagjit Singh Ji Elibrary NamdhariElibrary@gmail.com

ਉਹ ਵਧੀਆ ਕੰਮ ਦੇ ਸ਼ੌਕੀਨ ਹਨ ਅਤੇ ਕਰਦੇ ਹਨ। ਇਸ ਵਾਸਤੇ ਸਕੀਮ ਬਣਾਉਂਦੇ ਹਨ। ਵਸੀਲੇ ਪੈਦਾ ਕਰਦੇ ਹਨ ਅਤੇ ਵਿਉਂਤ ਲਾਗੂ ਕਰਦੇ ਹਨ।

੧੯੭੧-੭੨ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਦੇਸ਼ ਗਵਨ ਸ਼ਤਾਬਦੀ ਮਨਾਈ ਗਈ ਸੀ। ਸੰਨ ੧੯੭੨ ਦੀ ੧੭-੧੮ ਜਨਵਰੀ ਨੂੰ ਮਲੇਰਕੋਟਲੇ ਦਾ ਖ਼ੂਨੀ ਸਾਕਾ ਹੋਇਆ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦਿਤਾ ਗਿਆ ਸੀ। ਇਸ ਸਾਰੀ ਘਟਨਾ ਨੂੰ ਲੋਕਾਂ ਸਾਹਮਣੇ ਮੁੜ ਲਿਆਉਣ ਲਈ ਇਹ ਸ਼ਤਾਬਦੀ ਮਨਾਈ ਗਈ ਸੀ। ਸ: ਹੰਸਪਾਲ ਇਸ ਦੇ ਜਨਰਲ ਸਕਤਰ ਨਿਯੁਕਤ ਹੋਏ ਸਨ। ਸ਼ਤਾਬਦੀ ਕਮੇਟੀ ਵਲੋਂ ਵਿਦੇਸ਼ਾਂ ਵਿਚ ਵੀ ਸਮਾਗਮ ਕੀਤੇ ਗਏ। ਹੰਸਪਾਲ ਜੀ ਇਸ ਮੰਤਵ ਲਈ ਥਾਈਲੈਂਡ ਅਫਰੀਕਾ ਇੰਗਲੈਂਡ ਦੇ ਦੌਰਿਆਂ ਤੇ ਗਏ। ਇਕ ਮਾਸਕ ਪਤਰ ਸ਼ਤਾਬਦੀ ਨਿਊਜ਼ ਚਾਲੂ ਕੀਤਾ ਗਿਆ ਜਿਸ ਵਿਚ ਆਜ਼ਾਦੀ ਦੇ ਇਤਿਹਾਸ ਸਬੰਧੀ ਸਮਗਰੀ ਪ੍ਰਕਾਸ਼ਤ ਹੁੰਦੀ ਅਤੇ ਵਖ ਵਖ ਵਿਦਵਾਨਾਂ ਵਲੋਂ ਲਿਖੇ ਕਈ ਲੇਖ ਤਾਂ ਪਹਿਲੀ ਵਾਰੀ ਪ੍ਰਕਾਸ਼ਤ ਹੋਏ ਉਨ੍ਹਾਂ ਨੇ ਇਤਿਹਾਸ ਦੇ ਛੁਪੇ ਰਹਿਸਾਂ ਤੋਂ ਪਰਦਾ ਚੁਕਿਆ ਵਧੀਆ ਕਾਗਜ਼ ਤੇ ਵਧੀਆ ਸਮਗਰੀ ਵਾਲੇ ਇਸ ਸਚਿਤਰ ਮਾਸਕ ਪਤਰ ਨੂੰ ਐਡਿਟ ਕਰਨ ਅਤੇ ਛਪਵਾਉਣ ਦੀ ਜ਼ਿੰਮੇਵਾਰੀ ਹੰਸ ਪਾਲ ਜੀ ਦੀ ਸੀ। ਇਸ ਪਰਚੇ ਦੀ ਆਪਣੀ ਹੀ ਛੱਬ ਸੀ। ਇਹ ਪਰਚਾ ਬੰਦ ਹੋ ਗਿਆ ਸੀ। ਇਸ ਦਾ ਸਲ੍ਹ ਅਜੇ ਵੀ ਹੰਸਪਾਲ ਨੂੰ ਹੈ। ਪੁਸਤਕਾਂ ਪ੍ਰਕਾਸ਼ਨ ਦੀ ਉਹਨਾਂ ਦੀ ਲਿਲ੍ਹ ਕਿਸੇ ਨਾ ਕਿਸੇ ਰੂਪ ਵਿਚ ਉਜਾਗਰ ਹੁੰਦੀ ਹੀ ਰਹੀ ਹੈ। ਅਤੇ ਜਦੋਂ ਦੇ ਉਹ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਨਿਯੁਕਤ ਹੋਏ ਹਨ ਉਹਨਾਂ ਨੇ ਆਪਣੀ ਇਹ ਰੀਝ ਵੀ ਪੂਰੀ ਕੀਤੀ ਹੈ ਅਤੇ ਅਨੇਕਾਂ ਮਿਆਰੀ ਪੁਸਤਕਾਂ ਵੀ ਪ੍ਰਕਾਸ਼ਤ ਕੀਤੀਆਂ ਹਨ।

ਪੁਸਤਕਾਂ ਪ੍ਰਕਾਸ਼ਨ ਦੇ ਕੰਮ ਵਿਚ ਉਹਨਾਂ ਨੇ ਨਿਖਾਰ ਪੈਦਾ ਕੀਤਾ ਹੈ। ਨਵਯੁਗ ਪ੍ਰੈਸ ਦੀ ਵਧੀਆ ਛਪਵਾਈ ਅਤੇ ਸੁੰਦਰ ਤੇ ਕੀਮਤੀ ਕਾਗਜ਼ਾਂ ਦਾ ਪ੍ਰਯੋਗ ਕੀਤਾ ਹੈ ਅਤੇ ਇਹਨਾਂ ਪੁਸਤਕਾਂ ਦੀ ਵਿਕਰੀ ਵਾਸਤੇ ਵਖਰਾ ਸੈਲ ਕਾਇਮ ਕੀਤਾ ਹੈ। ਇਸ ਤੋਂ ਇਲਾਵਾ ਸਮੇਂ ਸਮੇਂ ਸਿਰ ਰੰਗੀਨ ਤਸਵੀਰਾਂ, ਕਾਰਡਾਂ, ਡਾਇਰੀਆਂ ਇਤਿਆਦਕ ਸਮਗਰੀ ਦੀ ਪ੍ਰਕਾਸ਼ਨਾਂ ਕਰਦੇ ਰਹਿੰਦੇ ਹਨ।

ਜ਼ਿਲਾ ਸਿਆਲਕੋਟ ਦਾ ਮਸ਼ਹੂਰ ਨਾਮਧਾਰੀ ਪਿੰਡ ਬਾਠਾਂ ਵਾਲਾ ਉਹਨਾਂ ਦਾ ਜਨਮ ਅਸਥਾਨ ਹੈ। ਸ: ਗਿਆਨ ਸਿੰਘ ਜੀ ਚੀਫ ਇੰਜੀਨੀਅਰ ਉਹਨਾਂ ਦੇ ਸਤਿਕਾਰ ਯੋਗ ਪਿਤਾ ਜੀ ਹਨ। ਸਾਰਾ ਪਰਿਵਾਰ ਹੀ ਸ਼ੂਗਰ ਮਿੱਲਾਂ ਵਿਚ ਇੰਜੀਨੀਅਰਿੰਗ ਦਾ ਮੁਰੈਲ ਰਿਹਾ ਹੈ। ਹੰਸਪਾਲ ਜੀ ਨੇ ਸਾਇੰਸ ਦੀ ਡਿਗਰੀ ਆਗਰਾ ਯੂਨੀਵਰਸਿਟੀ ਤੋਂ ਲਈ। ਇਸ ਪ੍ਰਕਾਰ ਉਹਨਾਂ ਵਿਚ ਪਹੁ ਪੱਖੀ ਪ੍ਰਤਿਭਾ ਦੇ ਗੁਣ ਵਿਕਸਿਤ ਹੋਏ ਹਨ।

ਅਦਾਰਾ ਵਰਿਆਮ ਹੰਸਪਾਲ ਜੀ ਦੀ ਚੋਣ ਤੇ ਉਹਨਾਂ ਨੂੰ ਹਾਰਦਿਕ ਖੁਸ਼ੀਆਂ ਅਤੇ ਵਧਾਈਆਂ ਪੇਸ਼ ਕਰਦਾ ਹੈ। ਇਸ ਦੇ ਨਾਲ ਨਾਲ ਹੀ ਉਹਨਾਂ ਅਨੇਕਾਂ ਸਨੇਹੀਆਂ ਦਾ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਸਮੇਂ ਆਪਣੀਆਂ ਖੁਸ਼ੀਆਂ ਅਤੇ ਵਧਾਈਆਂ ਵਰਿਆਮ ਨੂੰ ਭੇਜੀਆਂ ਹਨ।

— ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਸਤਿਗੁਰ ਤਿਸ ਕਾ ਨਾਉ

ਦਸ ਕੁ ਸਾਲ ਪਹਿਲਾਂ ਦੀ ਗੱਲ ਹੈ, ਮੈਂ ਅਮਰ ਭਾਰਤੀ ਜੀ ਨੂੰ ਇਕ ਚਿਠੀ ਲਿਖੀ ਕਿ ਤੁਸੀਂ ਗੁਰਮਤਿ ਉਤੇ ਇਕ ਦਾਰਸ਼ਨਿਕ ਪੁਸਤਕ ਲਿਖੋ, ਦੇ ਵਿਸ਼ੇ ਉਸ ਵੇਲੇ ਉਹਨਾਂ ਦੀ ਚਿਠੀ ਆਈ ਸੀ। ਜਾਪਦਾ ਸੀ ਪ੍ਰਸਥਿਤੀਆਂ ਵਸ ਉਹ ਇਹ ਪੁਸਤਕ ਲਿਖਣ ਲਈ ਤਿਆਰ ਨਹੀਂ। ਮੇਰਾ ਮਨ ਕਹਿੰਦਾ ਸੀ ਕਿ ਅਜਿਹਾ ਕੰਮ ਭਾਰਤੀ ਹੀ ਸਿਰੇ ਚਾੜ੍ਹ ਸਕਦਾ ਹੈ। ਕੁਝ ਮਹੀਨੇ ਪਹਿਲਾਂ ਭਾਰਤੀ ਜੀ ਦੀ ਚਿਠੀ ਆਈ ਉਸ ਵਿਚ ਮੇਰੀ ਲਿਖੀ ਪਹਿਲੀ ਚਿਠੀ ਦਾ ਹਵਾਲਾ ਦੇ ਕੇ ਆਖਿਆ ਕਿ ਉਹ ਕੰਮ ਉਹਨਾਂ ਨੇ ਹੁਣ ਕਰ ਦਿਤਾ ਹੈ। ਪੜ੍ਹ ਕੇ ਬਹੁਤ ਖੁਸ਼ੀ ਹੋਈ। ਅਤੇ ਪੁਸਤਕ ਹੈ 'ਸਤਿਗੁਰ ਤਿਸ ਕਾ ਨਾਉ'। ਪੁਸਤਕ ਪ੍ਰਾਪਤ ਹੋਣ ਤੇ ਮੈਂ ਇਸਨੂੰ ਬਾਰ ਬਾਰ ਪੜ੍ਹਿਆ ਹੈ ਅਤੇ ਜਤਨ ਕੀਤਾ ਹੈ ਕਿ ਇਸ ਬਾਰੇ ਕੁਝ ਲਿਖਾਂ। ਪਰ ਹਰ ਵਾਰ ਆਪਣੀ ਲਿਖਤ ਨੂੰ ਊਣਾ ਪਾਇਆ ਅਤੇ ਫੇਰ ਪੁਸਤਕ ਪੜ੍ਹੀ। ਮੈਂ ਮੰਨਦਾ ਹਾਂ ਕਿ ਇਸ ਪੁਸਤਕ ਵਾਸਤੇ ਯੋਗ ਰੀਵੀਊ, ਆਲੋਚਨਾ ਜਾਂ ਸਮਾਲੋਚਨਾ ਤਿਆਰ ਨਹੀਂ ਕਰ ਸਕਿਆ। ਆਖਰਕਾਰ ਭਾਰਤੀ ਜੀ ਦਾ ਚਾਲੀ ਸਾਲ ਦਾ ਵਿਸ਼ੇਸ਼ ਅਧਿਐਨ ਅਤੇ ਚਿੰਤਨ ਇਸ ਪੁਸਤਕ ਪਿਛੇ ਲਗਾ ਹੈ। ਆਦਿ ਕਾਲ ਤੋਂ ਲੈ ਕੇ ਹੁਣ ਤਕ ਦੇ ਵੱਖ ਵਖ ਮਤਾਂ ਮਤਾਂਤਰਾਂ, ਦਰਸ਼ਨਾਂ ਵੇਦਾਂ ਗਰੰਥਾਂ ਦਾ ਚਿਕਰ ਇਸ ਵਿਚ ਹੈ। ਪਰ ਇਸ ਡਰੋਂ ਕਿ ਕਿਤੇ ਇਵੇਂ ਇਸ ਪੁਸਤਕ ਦਾ ਵਰਣਨ ਰਹਿ ਹੀ ਨਾ ਜਾਵੇ। ਕੁਝ ਸਤਰਾਂ ਲਿਖਣ ਦਾ ਜਤਨ ਕੀਤਾ ਹੈ।

ਜਿਵੇਂ ਕਿ ਇਸ ਦੇ ਨਾਮ ਤੋਂ ਹੀ ਪਤਾ ਚਲਦਾ ਹੈ ਕਿ ਪੁਸਤਕ ਦਾ 'ਕੇਂਦਰੀ ਨੁਕਤਾ ਸਤਿਗੁਰੂ ਦਾ ਸਿਧਾਂਤ ਹੀ ਹੈ।

ਨਵ ਯੁਗ ਪਬਲਿਸ਼ਰਜ਼ ਵਲੋਂ ਵਧੀਆ ਅਤੇ ਕੀਮਤੀ ਕਾਗਜ਼ ਤੇ ਪ੍ਰਕਾਸ਼ਤ ਹੋਈ ਪੁਸਤਕ ਦੇ ਆਰੰਭ ਵਿਚ ਹੀ ਪ੍ਰਕਾਸ਼ਕ ਨੇ ਲਿਖਿਆ ਹੈ—

ਅਮਰ ਭਾਰਤੀ

"ਅਸੀਂ ਇਸ ਪੁਸਤਕ ਨੂੰ ਇਸ ਵਿਸ਼ਵਾਸ ਨਾਲ ਪ੍ਰਕਾਸ਼ਿਤ ਕਰ ਰਹੇ ਹਾਂ ਕਿ ਸ੍ਰੀ ਆਦਿ ਗਰੰਥ ਦੀ ਬਾਣੀ ਦ ਖੋਜ ਦਾ ਜਿਹੜਾ ਸਿਲਸਿਲਾ ਸ਼ੁਰੂ ਹੋਇਆ ਹੈ, ਇਹ ਪੁਸਤਕ ਉਸ ਬਾਣੀ ਦੀ ਸਭ ਤੋਂ ਪਰਮੁਖ ਤੇ ਬੁਨਿਆਦੀ ਧਿ "ਸਤਿਗੁਰੂ" ਨੂੰ ਵੇਖਣ ਸਮਝਣ ਵਿਚ ਮਦਦ ਦੇਵੇਗੀ।

ਪੁਸਤਕ ਦਾ ਕੇਂਦਰੀ ਨੁਕਤਾ ਸਤਿਗੁਰੂ ਦਾ ਸਿਧਾਂ ਹੀ ਹੈ। ਲੇਖਕ ਨੇ 'ਸਤਿਗੁਰੂ' ਸਿਧਾਂਤ ਬਾਰੇ ਆਦਿ ਗਰੰ ਦੀ ਬਾਣੀ ਨੂੰ ਆਧਾਰ ਬਣਾ ਕੇ ਸਤਿਗੁਰੂ ਦੇ ਅਰ ਕਲ ਪਰਯਾਯਵਾਚੀ ਸ਼ਬਦ ਜਿਵੇਂ 'ਸ਼ਬਦ', 'ਬਾਣੀ', 'ਗਰੰਥ', 'ਪੰ ਆਦਿਕ ਸਬੰਧੀ ਵਿਚਾਰ ਕੀਤੀ ਹੈ।

ਲੇਖਕ ਵਲੋਂ ਦਿਤੇ ਮੁਢਲੇ ਸ਼ਬਦਾਂ ਤੋਂ ਹੀ ਪਤਾ ਲ ਜਾਂਦਾ ਹੈ ਕਿ ਉਹ ਕੀ ਕਹਿਣਾ ਚਾਹੁੰਦਾ ਹੈ। ਲਿਖਿਆ ਹੈ—

"ਗੁਰਬਾਣੀ ਦਾ ਹਰੇਕ ਸ਼ਬਦ ਦੇਹਧਾਰੀ ਗੁਰੂ ਸਿਧਾਂਤ ਦੀ ਸਥਾਪਨਾ ਕਰਦਾ ਏ, ਉਸ ਦੀ ਵਕਾਲਤ ਅ ਪ੍ਰੋੜਤਾ ਕਰਦਾ ਏ ਅਤੇ ਦਿਲਚਸਪ ਗਲ ਇਹ ਹੈ ਕਿ ਆਦਿ ਗਰੰਥ ਸਾਹਿਬ ਦੀ ਦਰਜ ਬਾਣੀ ਹੀ "ਗਰੰਥ ਗੁਰੂ

Sri Satguru Jagjit Singh Ji Elibrary NamdhariElibrary@gmail.com

ਸਿਧਾਂਤ ਦਾ ਪੂਰਾ ਵਿਰੋਧ ਕਰਦੀ ਏ ।"

ਲੇਖਕ ਨੇ ਬਾਣੀ ਵਿਚੋਂ ਟੂਕਾਂ ਦੇ ਕੇ ਮਨੁਖਾ ਦੇਹੀ ਦੀ ਸਰਬ ਸਰੇਸ਼ਟਾ ਨੂੰ ਦਰਸਾਇਆ ਹੈ । ਇਹ ਸਾਰੀਆਂ ਜੋਨਾਂ ਤੋਂ ਉਤਮ ਹੈ । ਦੇਹ ਅੰਦਰ ਨਾਮ ਦਾ ਨਿਵਾਸ ਹੁੰਦਾ ਹੈ । ਉਸ ਅੰਦਰ ਜੋਤਿ ਹੈ। ਹਰੀ ਦਾ ਘਰ, ਅਕਾਲ ਪੁਰਖ ਦਾ ਮੰਦਰ ਅਤੇ ਸਚੇ ਦੀ ਕੋਠੜੀ ਮਨੁਖਾ ਸਰੀਰ ਹੈ । ਫਿਰ ਲੇਖਕ ਤਰਕ ਕਰਦਾ ਹੈ—

"ਕੁਲ ਜੋਨੀਆਂ ਵਿਚੋਂ ਮਨੁਖਾ ਜੋਨੀ ਸਰਬ ਸਰੇਸ਼ਠ ਏਸੇ ਕਰਕੇ ਹੈ ਕਿ ਮਨੁਖ ਕੋਲ ਸਭ ਜੋਨੀਆਂ ਦੀ ਸਰਦਾਰੀ ਹੈ ਅਤੇ ਇਹ ਸਰਦਾਰੀ ਏਸੇ ਕਰਕੇ ਹੈ ਕਿ ਮਨੁਖ ਇਸ ਜਗਤ ਵਿਚ ਅਕਾਲ ਪੁਰਖ ਦੀ ਚੇਤੰਨ ਸਤਾ ਦਾ ਪ੍ਰਤੀਨਿਧ ਹੈ । ਜੇ ਮਨੁੱਖਾ ਦੇਹੀ ਹੈ ਤਾਂ ਉਸ ਦੇ ਅੰਦਰ ਦੇ ਜੀਅ ਲਈ ਓਅੰਕਾਰ ਦਾ ਕੋਈ ਅਰਥ ਹੈ । ਮਨੁਖੀ ਸਰੀਰ ਵਿਚਲੇ ਜੀਅ ਲਈ ਹੀ 'ਸ਼ਬਦ' ਹੈ, 'ਬਾਣੀ' ਹੈ, ਨਾਓਂ ਹੈ ਅਤੇ ਮੁਕਤੀ ਵੀ ਜਦੋਂ ਅਕਾਲਪੁਰਖ ਦਾ ਸਾਰਾ ਸੱਚ ਮਨੁਖੀ ਦੇਹ ਵਿਚ ਸਥਿਤ ਆਤਮਾ ਸਰੂਪੀ ਹੈ ਤਾਂ ਇਹ ਕਿਵੇਂ ਮੰਨ ਲਿਆ ਜਾਵੇ ਕਿ ਇਸ ਦੇਹਧਾਰੀ ਮਨੁੱਖ ਲਈ ਸਤਿਗੁਰੂ ਹੀ ਦੇਹਧਾਰੀ ਨਹੀਂ ਹੋ ਸਕਦਾ ਜਾਂ ਹੋਣਾ ਨਹੀਂ ਚਾਹੀਦਾ ।"

ਲੇਖਕ ਅਨੁਸਾਰ ਅਧਿਆਤਮਕ ਚਿੰਤਨ ਦੇ ਇਤਿਹਾਸਕ ਅਮਲ ਵਿਚ ਗੁਰੂ ਨਾਨਕ ਜੀ ਦੀ ਗੁਰੂਪਰੰਪਰਾ ਦਾ ਸਭ ਤੋਂ ਵਡਾ ਯੋਗ ਦਾਨ ਹੈ, "ਸਤਿਗੁਰ ਪ੍ਰਸਾਦਿ ਦੀ ਧਾਰਨਾ ਦੀ ਸਥਾਪਤੀ ਅਤੇ ਉਸ ਲਈ ਲਗਾਤਾਰ ਅੰਦੋਲਨ ਕਰਨ ਵਾਲੇ ਗੁਰਮੁਖ ਸੰਗਠਨ ਦੀ ਕਾਇਮੀ ।"

"ਅਧਿਆਤਮਕ ਖੇਤਰ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਇਹ ਗੁਰਮੁਖ ਸੰਗਠਨ ਸਭ ਤੋਂ ਨਵੀਨ ਅਤੇ ਸਾਰੇ ਜੁਗਾਂ ਦੇ ਅਧਿਆਤਮਕ ਚਿੰਤਨ ਦਾ ਵਿਕਸਿਤ ਪ੍ਰਤੀਨਿਧੀ । ਸੰਗਠਨ ਦੀ ਅਗਵਾਈ ਸਦ ਪੀੜ੍ਹੀ ਗੁਰੂ ਚਲੰਦੀ ਦੇ ਸਿਧਾਂਤ ਅਨੁਸਾਰ ਹਮੇਸ਼ਾ ਸਤਿਗੁਰੂ ਪੁਰਖ ਕਰਦਾ ਹੈ ।"

ਅਜ ਕਲ ਗੁਰਬਾਣੀ ਨੂੰ ਸਤਿਗੁਰੂ ਦਾ ਪ੍ਰਾਯਾਯਵਾਚੀ ਹੀ ਪ੍ਰਚਾਰਿਆ ਜਾ ਰਿਹਾ ਹੈ । ਇਸ ਧਾਰਨਾ ਦਾ ਇਤਿਹਾਸਕ ਅਮਲ ਦਰਸਾਉਂਦਿਆਂ ਲੇਖਕ ਨੇ ਬਾਣੀ ਦੇ ਅਧਿਆਇ ਵਿਚ ਅੰਕਤ ਕੀਤਾ ਹੈ ।

"ਸ੍ਰੀ ਆਦਿ ਗਰੰਥ ਸਾਹਿਬ ਦੀ ਬਾਣੀ ਬਾਰੇ ਅੱਜ ਆਮ ਤੌਰ ਤੇ ਜਿਹੜੀ ਭਾਵਨਾ ਬਨਾਉਣ ਦੀ ਕੋਸ਼ਿਸ਼ ਹੋ ਰਹੀ ਹੈ, ਠੀਕ ਇਹੋ ਧਾਰਨਾ ਇਕ ਸਮੇਂ ਵੇਦਾਂ ਬਾਰੇ ਵੀ ਵਿਕਸਿਤ ਕੀਤੀ ਗਈ ਸੀ । ਜਿਵੇਂ ਅੱਜ ਇਕ ਖਾਸ ਤਬਕੇ ਵਲੋਂ ਸ੍ਰੀ ਆਦਿ ਗਰੰਥ ਸਾਹਿਬ ਨੂੰ ਹੀ ਸਭ ਕੁਝ ਮੰਨਿਆ ਜਾ ਰਿਹਾ ਹੈ ਤੇ ਹਰ ਵਿਸ਼ੇਸ਼ਣ ਉਸ ਦੇ ਨਾਮ ਨਾਲ ਜੋੜਿਆ ਜਾ ਰਿਹਾ ਹੈਂ । ਠੀਕ ਇਵੇਂ ਹੀ ਇਕ ਸਮੇਂ ਵੇਦਾਂ ਨੂੰ ਹੀ ਹਰਤਾ ਕਰਤਾ ਬਣਾ ਦਿਤਾ ਗਿਆ ਸੀ ਤੇ ਸਾਰਾ ਧਰਮ ਕਰਮ, ਸਵਰਗ ਨਰਕ ਵੇਦ ਦੇ ਸਹਾਰੇ ਹੀ ਖਲਿਹਾਰ ਦਿਤਾ ਗਿਆ ਸੀ ।

ਵੇਦ ਦੀ ਉਤਮਤਾ ਨੂੰ ਪਰਵਾਨ ਕਰਦਿਆਂ ਤੇ ਉਸ ਦਾ ਅਸਲ ਦਰਜਾ ਕਿਸੇ ਵੀ ਮਾਤਰਾ ਵਿਚ ਘਟ ਨਾ ਕਰਦਿਆਂ ਹੋਇਆ ਪਹਿਲਾਂ ਉਪਨਿਸ਼ਦਾਂ ਦੇ ਰਿਸ਼ੀਆਂ ਨੇ ਵੇਦ ਬਾਰੇ ਪਰਚਾਰਤ ਕੀਤੀ ਜਾ ਰਹੀ ਧਾਰਨਾ ਨੂੰ ਸੋਧਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਆਦਿ ਗਰੰਥ ਸਾਹਿਬ ਦੇ ਰਚਨਕਾਰਾਂ ਨੇ—ਸਤਿਗੁਰੂ ਸਾਹਿਬਾਨ ਅਤੇ ਭਗਤਾਂ ਨੇ ।

ਉਪਨਿਸ਼ਦਾਂ ਦੇ ਰਚਨ ਕਾਲ ਸਮੇਂ ਉਸ ਜ਼ਮਾਨੇ ਦੇ ਰਿਸ਼ੀਆਂ, ਦਾਰਸ਼ਨਿਕਾਂ ਤੱਤ ਗਿਆਨੀਆਂ ਦੇ ਸਾਹਮਣੇ ਵਡਾ ਸਵਾਲ ਸੀ ਬਹੁ ਦੇਵ ਵਾਦ ਤੇ ਪਰੋਹਤੀ ਕਰਮ ਕਾਂਡ ਦੀ ਮਾਨਤਾ ਨੂੰ ਘਟਾ ਕੇ ਸਰਬ ਸ਼ਕਤੀਮਾਨ ਤੇ ਸਰਬ ਵਿਆਪਕ ਇਕ ਬ੍ਰਹਮ ਜਾਂ ਈਸ਼ਵਰ ਦੀ ਧਾਰਨਾ ਨੂੰ ਸਥਾਪਤ ਕਰਨਾ ਅਤੇ ਸ੍ਰੀ ਆਦਿ ਗਰੰਥ ਸਾਹਿਬ ਵਿਚ ਦਰਜ ਬਾਣੀ ਦੇ ਰਚਨ ਕਾਲ ਸਮੇਂ ਬਹੁ ਦੇਵ ਵਾਦ ਤੇ ਪਰੋਹਤੀ ਕਰਮ ਕਾਂਡ ਦੇ ਨਾਲ ਨਾਲ ਮੂਰਤੀ ਪੂਜਾ ਦੀ ਪਰਚਲਤ ਹੋ ਚੁਕੀ ਮਾਨਤਾ ਅਤੇ ਵੇਦ ਸ਼ਾਸਤਰ ਦੀ ਗੁਰਿਆਈ ਤੇ ਈਸ਼ਵਰਤਾ, ਵਲੋਂ ਉਪਰਾਮ ਕਰਕੇ 'ਸਤਿਗੁਰੂ' ਅਤੇ ਸਰਬਸ਼ਕਤੀਮਾਨ ਇਕੋ ਇਕ ਈਸ਼ਵਰ ਜਾਂ ਬ੍ਰਹਮ ਸਤਾ ਦੀ ਧਾਰਨਾ ਜਗਾਉਣਾ ।

ਇਸ ਪ੍ਰਕਾਰ ਵਖ ਵਖ ਕਾਂਡਾਂ ਵਿਚ ਲੇਖਕ ਨੇ ਗੁਰਬਾਣੀ ਅਤੇ ਇਤਿਹਾਸ ਅਨੁਸਾਰ ਪੁਣ ਛਾਣ ਕੀਤੀ ਹੈ । ਭਾਰਤੀ ਜੀ ਦੀ ਕਲਮ ਦੀ ਕਲਾਤਮਕ ਰਵਾਨੀ ਸ਼ਬਦਾਵਲੀ ਦੀ ਮਿਠਤ ਵਿਆਕਰਨ ਦੀ ਸ਼ੁਧਤਾ ਅਤੇ ਦਲੀਲ ਦਾ ਪ੍ਰਭਾਵਸ਼ਾਲੀ ਢੰਗ ਇਸ ਦਾਰਸ਼ਨਿਕ ਪੁਸਤਕ ਨੂੰ ਬਹੁਤ ਰੋਚਕ ਬਨਾਉਣ ਵਿਚ ਸਹਾਈ ਹੁੰਦੇ ਹਨ । ੨੦੦ ਸਫੇ ਵਡੇ ਆਕਾਰ ਦੇ ਮੋਟੇ ਕੀਮਤੀ ਕਾਗਜ਼. ਕਈ ਚਿਤਰਾਂ ਨਾਲ ਸੁਸਜਿਤ ਪੱਕੇ ਜਿਲਦ ਵਿਚ ਬੱਝੀ ਭਾਈ ਕਾਹਨ ਸਿੰਘ ਜੀ ਨੂੰ ਸਮਰਪਿਤ ਇਸ ਪੁਸਤਕ ਦਾ ਮੁਲ ੩੦ ਰੁਪਏ ਕੋਈ ਬਹੁਤਾ ਨਹੀਂ ।

ਅਮਰ ਭਾਰਤੀ, ਇਸ ਅਮਰ ਸਿਰਜਨਾ ਲਈ ਵਧਾਈ ਅਤੇ ਸਨਮਾਨ ਦੇ ਪਾਤਰ ਹਨ । —ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਇਹ ਵਹਿਣ ਜੋ ਕਦੇ ਰੁਕਣੇ ਨਹੀਂ

—ਬਲਜੀਤ ਪਨੂੰ

ਅੱਜ ਦੀਆਂ ਉਲੰਪਿਕ ਖੇਡਾਂ ਦੁਨੀਆਂ ਭਰ ਦੀ ਜਵਾਨੀ ਦਾ ਇਕ ਅਜੇਹਾ ਮਾਣ-ਮੱਤਾ ਮੇਲਾ ਹਨ ਜਿਸ ਵਿਚ ਇਸ ਧਰਤੀ ਦੇ ਸਭ ਤੋਂ ਤਕੜੇ, ਚੁਸਤ, ਹੁੰਦੜਹੇਲ ਅਤੇ ਹਵਾ ਨੂੰ ਗੰਢਾਂ ਤਕ ਮਾਰ ਦੇਣ ਵਾਲੇ ਨੌਜਵਾਨਾਂ ਦੀ ਇਕ ਪਨੀਰੀ ਸਾਹਮਣੇ ਆਉਂਦੀ ਹੈ। ਹਰ ਚਾਰ ਸਾਲਾਂ ਬਾਅਦ ਹੋਣ ਵਾਲੇ ਇਹ ਖੇਡ-ਮੁਕਬਲੇ ਹਰ ਵਾਰ ਵਧ ਮਜ਼ਬੂਤ ਨੌਜਵਾਨਾਂ ਦੀ ਪਾਲ ਪੇਸ਼ ਕਰਦੇ ਹਨ। ਹਰ ਖੇਡ-ਮੇਲੇ ਵਿਚ ਨਵੇਂ ਕਾਇਮ ਹੁੰਦੇ ਵਿਸ਼ਵ ਰੀਕਾਰਡ ਸਾਡੀ ਧਰਤੀ ਉਤੇ ਮਨੁਖਤਾ ਦੇ ਲਗਾਤਾਰ ਹੋ ਰਹੇ ਵਿਕਾਸ ਦੇ ਪ੍ਰਤੀਕ ਹਨ। ਇਹ ਨਵੇਂ ਰੀਕਾਰਡ ਸਾਬਤ ਕਰਦੇ ਹਨ ਕਿ ਇਸ ਧਰਤੀ ਉਤੇ ਜਨਮ ਲੈ ਰਹੀਆਂ ਸਭ ਪੀੜ੍ਹੀਆਂ ਆਪਣੇ ਤੋਂ ਪਹਿਲੀਆਂ, ਦੇ ਕੰਨ ਕੁਤਰਨ ਯੋਗ ਬਣ ਕੇ ਅਗੇ ਆਉਂਦੀਆਂ ਹਨ। ਇਹ ਖੇਡ ਮੁਕਾਬਲੇ ਮਨੁਖੀ ਸ਼ਕਤੀ ਦੀ ਅਨੰਤਤਾ ਦੇ ਵੀ ਪ੍ਰਤੀਕ ਹਨ। ਹਰ ਵਾਰ ਕਾਇਮ ਹੁੰਦੇ ਨਵੇਂ ਰੀਕਾਰਡ ਇਸ ਗੱਲ ਦਾ ਸਬੂਤ ਹਨ ਕਿ ਮਨੁਖੀ ਸਕਤੀ ਦੀ ਮੰਜ਼ਲ ਕੋਈ ਨਹੀਂ। ਇਹ ਲਗਾਤਾਰ ਵਹਿੰਦਾ ਇਕ ਅਜਿਹਾ ਵਹਿਣ ਹੈ ਜਿਸ ਨੇ ਕਦੇ ਕਿਤੇ ਪੜਾਉ ਨਹੀ ਕਰਨਾ।

ਖੇਡ ਮੁਕਾਬਲਿਆਂ ਵਿਚ ਚਾਰ ਸਾਲਾਂ ਦਾ ਫਾਸਲਾ ਵੀ ਆਪਣੇ ਆਪ ਵਿਚ ਇਸ ਧਰਤੀ ਉਤੇ ਮਨੁਖੀ ਨਸਲ ਦੇ ਅਨੰਤ ਵਿਕਾਸ ਨੂੰ ਰੁਪਮਾਨ ਕਰਦਾ ਹੈ। ਇਹ ਮੁਕਾਬਲੇ ਇਹ ਵੀ ਹਰ ਵਾਰ ਸਾਬਤ ਕਰ ਦਿੰਦੇ ਹਨ ਕਿ ਸਰੀਰ ਤੇ ਇੱਛਾ ਦੀ ਮਜ਼ਬੂਤੀ ਤੇ ਫੁਰਤੀ ਕਿਸੇ ਦੀ ਰਖੇਲ ਨਹੀਂ ਹਨ। ਇਹਨਾਂ ਉਤੇ ਨਾ ਕੋਈ ਗੋਰੀ ਚਮੜੀ ਆਪਣਾ ਠੱਪਾ ਲਾ ਕੇ ਜੇਬ ਵਿਚ ਪਾ ਸਕਦੀ ਹੈ ਅਤੇ ਨਾ ਹੀ ਕਿਸੇ ਦੇ ਆਪਣੇ ਆਪ ਨੂੰ ਅਜਿੱਤ ਸਮਝਣ ਦੇ ਵਹਿਮ ਦੇ ਕੋਈ ਪੈਰ ਹੋ ਸਕਦੇ ਹਨ। ਹਰ ਰੰਗ, ਹਰ ਨਸਲ ਤੇ ਹਰ ਕੌਮ ਦਾ ਕੋਈ ਵੀ ਨੌਜਵਾਨ ਆਪਣੀ ਸਰੀਰਕ ਤੇ ਮਾਨਸਿਕ ਸ਼ਕਤੀ ਦੀ ਬੁਲੰਦੀ ਦਾ ਝੰਡਾ ਦੁਨੀਆਂ ਭਰ ਉਤੇ ਝੁਲਾ ਸਕਦਾ ਹੈ। ਭਲਾ ਜੇ ਜੈਸੀ ਓਵਨ ਨਾਂ ਦਾ ਕਾਲੇ ਰੰਗ ਦਾ ਨੌਜਵਾਨ ੧੯੩੬ ਦੀਆਂ ਉਲੰਪਿਕ ਖੇਡਾਂ ਵਿਚ ਇਕਠੇ ਹੀ ਸੋਨੇ ਦੇ ਚਾਰ ਤਗਮੇ ਨਾ ਜਿੱਤ ਸਕਦਾ ਤਾਂ ਹਿਟਲਰ ਦੇ ਸਿਰ ਤੋਂ ਆਰੀਅਨ ਲੋਕਾਂ ਨੂੰ ਦੁਨੀਆਂ ਦੇ ਸਭ ਤੋਂ ਮਜ਼ਬੂਤ ਲੋਕ ਦਸ ਕੇ ਹੋਰ ਸਭ ਨੂੰ ਡਰਾਉਣ ਦਾ ਭੂਤ ਕਿਵੇਂ ਲਹਿੰਦਾ? ਖੇਡਾਂ ਦੇ ਮੈਦਾਨ ਦੀਆਂ ਇਹ ਦੌੜਾਂ ਕਿਸੇ ਵੀ ਵਹਿਮ ਦੇ ਡੰਗੇ ਦਿਮਾਗ ਨੂੰ ਸਾਫ ਕਰਨ ਦੀ ਸਮਰਥਾ ਰਖਦੀਆਂ ਹਨ। ਇਸ ਤਰ੍ਹਾਂ ਇਹ ਇਸ ਧਰਤੀ ਉਤੇ ਹਰ ਨਵੀਂ ਉਠਦੀ ਨਸਲ ਨੂੰ ਭਰੱਪਣ, ਦੋਸਤੀ, ਅਮਨ, ਸਹਿਯੋਗ ਅਤੇ ਵਿਸ਼ਾਲ ਦ੍ਰਿਸ਼ਟੀ ਦਾ ਅਮਲੀ ਪਾਠ ਦਿੰਦੀਆਂ ਹਨ।

ਇਹਨਾਂ ਖੇਡਾਂ ਦੀ ਜੜ੍ਹ ਵੀ ਉਤਨੀ ਹੀ ਪੁਰਾਣੀ ਹੈ ਜਿੰਨੀ ਦੋ ਮਨੁਖਾਂ ਵਿਚਕਾਰ ਭਰੱਪਣ, ਦੋਸਤੀ ਤੇ ਮਿਲ ਬੈਠਣ ਦੀ ਭਾਵਨਾ। ਕੋਈ ਵੀ ਭੈੜੀ ਤੋਂ ਭੈੜੀ ਰੁਕਾਵਟ ਉਲੰਪਿਕ ਖੇਡਾਂ ਦੇ ਵਿਕਾਸ ਨੂੰ ਸੱਟ ਨਹੀਂ ਮਾਰ ਸਕੀ। ਈਸਾ ਮਸੀਹ ਤੋਂ ਵੀ ਕਈ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਈਆਂ ਇਹ ਖੇਡਾਂ ਸਦੀਆਂ ਦਾ ਪੈਂਡਾ ਤੈਅ ਕਰਕੇ ਹੋਰ ਮਜ਼ਬੂਤ ਹੋਈਆਂ ਹਨ, ਇਸ ਦੇ ਮੈਦਾਨ ਹੋਰ ਮੋਕਲੇ ਹੋਏ ਹਨ। ਇਹਨਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਸ਼ਾਮਲ ਹੋਣ ਵਾਲੇ ਲੋਕਾਂ ਦੀਆਂ ਭੀੜਾਂ ਹੋਰ ਸੰਘਣੀਆਂ ਹੋਈਆਂ ਹਨ । ਯੂਨਾਨ ਦੀ ਛੋਟੀ ਜਿਹੀ ਬਸਤੀ ਉਲੰਪੀਆ ਤਕ ਦੀਆਂ ਉਲੰਪਿਕ ਖੇਡਾਂ ਦਾ ਸਫਰ ਸਾਬਤ ਕਰਦਾ ਹੈ ਕਿ ਖਿਡਾਰੀਆਂ ਅੰਦਰਲੀ ਖੇਡ-ਚਿਣਗ ਨਾਲੋਂ ਵੱਧ ਸੱਚੀ ਸੁਚੀ ਤੇ ਸੁਹਿਰਦ ਕੋਈ ਭਾਵਨਾ ਨਹੀਂ । ਸਦੀਆਂ ਦਾ ਸੇਕ ਵੀ ਇਸ ਨੂੰ ਕਮਜ਼ੋਰ ਨਹੀਂ ਕਰ ਸਕਿਆ ।

ਇਤਿਹਾਸ ਦੇ ਪੱਤਰੇ ਪਰਤ ਕੇ ਵੇਖੀਏ ਤਾਂ ੩੯੩ ਈਸਵੀ ਵਿਚ ਰੋਮਨ ਬਾਦਸ਼ਾਹ ਥਿਓਡੋਸੀਸ ਵਲੋਂ ਇਹਨਾਂ ਖੇਡਾਂ ਨੂੰ ਬੰਦ ਕਰਨ ਦੇ ਹੁਕਮ ਤਕ ਇਹਨਾਂ ਖੇਡ ਮੇਲਿਆਂ ਦੇ ਪ੍ਰਮਾਣ ਮਿਲਦੇ ਹਨ । ਉਦੋਂ ਇਹ ਖੇਡਾਂ ਪੰਜ ਦਿਨ ਹੁੰਦੀਆਂ ਸਨ ਅਤੇ ਵਾਦੀ ਸਮੇਂ ਦਾ ਜਸ਼ਨ ਬਣਦੀਆ ਸਨ ।

ਖੇਡਾਂ ਬੰਦ ਕਰਨ ਦੇ ਬਾਦਸ਼ਾਹੀ ਹੁਕਮ ਖਿਡਾਰੀਆਂ ਦੀ ਭਾਵਨਾ ਉਤੇ ਸਦਾ ਲਈ ਹਾਵੀ ਨਾ ਰਹਿ ਸਕੇ । ਪਿਛਲੀ ਸਦੀ ਦੇ ਅੰਤ ਸਮੇਂ ਫਰਾਂਸ ਦੀ ਫੌਜੀ ਅਕਾਦਮੀ ਦੇ ਇਕ ਜਰਨੈਲ ਬੇਰਨ ਪੀਅਰੇ ਡੇ ਕੂਬਰਟਿਨ ਦੇ ਉਦਮ ਤੇ ਪਹਿਲ ਕਦਮੀ ਨਾਲ ਇਹ ਮਸ਼ਾਲ ਫੇਰ ਜਗਮਗਾ ਉਠੀ । ੧੮੯੬ ਵਿਚ ਸ਼ੁਰੂ ਹੋਈਆਂ ਆਧੁਨਿਕ ਉਲੰਪਿਕ ਖੇਡਾਂ ਅਜ ਇਸ ਰਵਾਇਤ ਦਾ ਮੁਢ ਹਨ । ਭਾਵੇਂ ਯੂਨਾਨ ਨੇ ਸ਼ੁਰੂ ਸ਼ੁਰੂ ਵਿਚ ਇਹਨਾਂ ਖੇਡਾਂ ਨੂੰ ਪੱਕੇ ਤੌਰ ਤੇ ਹਾਸਲ ਕਰਨ ਦੇ ਯਤਨ ਕੀਤੇ, ਪਰ ਤਜਰਬੇ ਨੇ ਛੇਤੀ ਹੀ ਸਾਬਤ ਕਰ ਦਿਤਾ ਕਿ ਇਹਨਾ ਖੇਡਾਂ ਨੂੰ ਕਿਸੇ ਇਕ ਦੀ ਲੱਤ ਨਾਲ ਬੰਨ੍ਹ ਕੇ ਨਹੀਂ ਰਖਿਆ ਜਾ ਸਕਦਾ, ਆਧੁਨਿਕ ਉਲੰਪਿਕ ਮੁਕਾਬ-ਲਿਆਂ ਦੀ ਲੜੀ ਵੀ ਏਥਨਜ਼ ਤੋਂ ਹੀ ਸ਼ੁਰੂ ਹੋਈ ਅਤੇ ਇਸ ਤਰ੍ਹਾਂ ਇਹਨਾਂ ਖੇਡਾਂ ਪਿਛੇ ਭਰੱਪਣ ਦੀ ਭਾਵਨਾ ਵਿਚ ਪਈ ਵਿਥ ਮਿਟ ਗਈ । ਇਹ ਜਿਥੇ ਰੁਕੀ ਸੀ, ਉਥੋਂ ਹੀ ਸ਼ੁਰੂ ਹੋ ਗਈ ।

ਦੋਵਾਂ ਸੰਸਾਰ ਜੰਗਾਂ ਨੇ ਭਾਵੇਂ ੧੯੧੬,੧੯੪੦ ਅਤੇ ੧੯੪੪ ਦੇ ਉਲੰਪਿਕ ਮੁਕਾਬਲਿਆਂ ਨੂੰ ਮੁਲਤਵੀ ਕਰਨ ਉਤੇ ਮਜਬੂਰ ਕਰ ਦਿਤਾ ਪਰ ਇਹ ਸਪਸ਼ਟ ਹੋ ਗਿਆ ਕਿ ਇਹ ਵਹਿਣ ਰੁਕਣ ਵਾਲਾ ਨਹੀਂ । ਆਧੁਨਿਕ ਖੇਡਾਂ ਹੇਠ ਲਿਖੀਆਂ ਥਾਵਾਂ ਤੇ ਹੋ ਚੁਕੀਆ ਹਨ ।

ਸੰਨ	ਸਥਾਨ	ਸ਼ਾਮਲ ਦੇਸ਼
੧੮੯੬	ਏਥਨਜ਼	੧੩
੧੯੦੦	ਪੈਰਿਸ	੨੨
੧੯੦੪	ਸੇਂਟਲੂਈਸ (ਅਮਰੀਕਾ)	੧੨
੧੯੦੮	ਲੰਡਨ	੨੨
੧੯੧੨	ਸਟੋਕ ਹੋਮ	੨੮
੧੯੨੦	ਐਂਟਵਰਪ	੨੯
੧੯੨੪	ਪੈਰਸ	੪੪
੧੯੨੮	ਐਮਸਟਰਡਮ	੪੬
੧੯੩੨	ਲਾਸ ਏਂਜਲਸ	੪੭
੧੯੩੬	ਬਰਲਿਨ	੪੯
੧੯੪੮	ਲੰਡਨ	੫੪
੧੯੫੨	ਹੈਲਸਿੰਕੀ	੬੯
੧੯੫੬	ਮੈਲਬੋਰਨ	੭੧
੧੯੬੦	ਰੋਮ	੮੩
੧੯੬੪	ਟੋਕੀਓ	੯੩
੧੯੬੮	ਮੈਕਸੀਕੋ	੧੧੨
੧੯੭੨	ਮਿਊਨਿਖ	੧੨੨
੧੯੭੬	ਮਾਂਟਰੀਅਲ	੮੮
੧੯੮੦	ਮਾਸਕੋ	੮੭

ਸਭ ਤੋਂ ਪਹਿਲਾਂ ਹਿਟਲਰ ਨੇ ਹੀ ਇਹਨਾਂ ਖੇਡਾਂ ਨੂੰ ਸਿਆਸੀ ਮਨੋਰਥਾਂ ਵਿਚ ਡੋਬਾ ਦੇਣ ਦੀ ਕੋਸ਼ਿਸ਼ ਕੀਤੀ । ਪਰ ਅਮਲ ਵਿਚ ਹੋਇਆ ਇਹ ਕਿ ਆਰੀਅਨ ਲੋਕਾਂ ਨੂੰ ਸਰਵ ਸ਼ਕਤੀ ਮਾਨ ਬਣਾ ਕੇ ਪੇਸ਼ ਕਰਨ ਦੀ ਉਸ ਦੀ ਹੈਂਕੜ ਹੀ ਖਿਡਾਰੀਆਂ ਵਾਲੀ ਖੇਡ ਭਾਵਨਾਂ ਵਿਚ ਡੁਬ ਕੇ ਰਹਿ ਗਈ । ਉਸ ਪਿਛੋਂ ਲਗਭਗ ਹਰ ਵਾਰ ਕੋਈ ਨਾ ਕੋਈ ਸਿਆਸੀ ਝਮੇਲੇ ਉਲੰਪਿਕ ਨਾਲ ਰਲਗੱਡ ਹੋਣ ਦਾ ਯਤਨ ਕਰਦੇ ਰਹੇ ਪਰ ਆਧੁਨਿਕ ਖੇਡਾਂ ਦਾ ਉਪਰ ਲਿਖਿਆ ਵੇਰਵਾ ਇਕ ਵਾਰ ਫੇਰ ਕੋਈ ਸ਼ਕ ਬਾਕੀ ਨਹੀਂ ਛਡਦਾ ਕਿ ਖਿਡਾ-ਰੀਆਂ ਵਾਲੀ ਭਾਵਨਾਂ ਨੂੰ ਜਿੱਤਣ ਵਾਲੀ ਕੋਈ ਸ਼ਕਤੀ ਨਹੀ । ਕੋਈ ਬਾਈਕਾਟ, ਕੋਈ ਧਮਕੀ ਇਸ ਵਹਿਣ ਨੂੰ ਰੋਕ ਨਹੀਂ ਸਕਦੀ ।

Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 250345
Resi. : 213054

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006

Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

DEPARTMENT OF AGRICULTURE PUNJAB GOVT.
QUALITY MARK

ਕੁਆਲਟੀ ਮਾਰਕਡ

ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK





Grams : HABI INDUSTRIES

Phone : 273

HABI INDUSTRIES (Regd.)

10, Industrial Area,
PHAGWARA—144401.

Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF :

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER Phone : 3805

MODERN GUN WORKS

Opp. Industrial Estate,

JAMMU CANTT.

ਵਰਿਆਮ

ਸੂਬਾ ਸਾਹਿਬ ਸਿੰਘ ਅੰਕ

"ਪਿਆਰ ਸਾਡੇ ਦੀ ਪਰਖ ਇਸ ਵਤਨ ਦੀ ਮਿੱਟੀ ਕਰੇ,
ਦੇਸ਼ ਦੀ ਸਵਾਧੀਨਤਾ ਪਲਦੀ ਕਦ੍ਹੂ ਏ ਆਸਰ ।
ਮਿਟ ਗਏ ਜੋ ਵਤਨ ਦੀ ਇੱਜ਼ਤ ਲਈ,
ਯਾਦ ਉਹਨਾਂ ਦੀ ਸਦਾ ਸਜਰੀ ਰਹੇ ਮਘਦੀ ਰਹੇ

੭ ਜਨਵਰੀ ੧੮੭੨ ਨੂੰ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਨਾਲ ਹੀ ਸੂਬਾ ਸਾਹਿਬ ਸਿੰਘ ਅਤੇ ਸਹਿਯੋਗੀ ਕੁਰਬਾਨੀ ਲਈ ਜਾਂਦੇ ਹੋਏ ।

ਇਸੇ ਅੰਕ ਵਿਚ ਹੀ :

ਵਿਸ਼ੇਸ਼ ਸਪਲੀਮੈਂਟ :—ਸਤਿਗੁਰੂ ਜਗਜੀਤ ਸਿੰਘ ਜੀ ਦੀ ਕੀਨੀਆ ਫੇਰੀ ਦਾ ਵਰਣਨ
"ਜੰਗਲੀ ਜੀਵਾਂ ਦੀ ਧਰਤੀ ਵਿਚ"—ਲੇਖਕ ਪ੍ਰੀਤਮ ਸਿੰਘ 'ਕਵੀ'
ਅਤੇ ਹੋਰ ਲੇਖ

ਵਰਿਆਮ ਦਾ
ਸੂਬਾ ਸਾਹਿਬ ਸਿੰਘ ਅੰਕ

- ਵਿਦਵਾਨਾਂ ਦੇ ਖੋਜ ਪੂਰਨ ਲੇਖ
- ਸਤਿਗੁਰੂ ਜਗਜੀਤ ਸਿੰਘ ਜੀ ਦਾ ਅਫਰੀਕਾ ਦੌਰਾ ਅਤੇ ਹੋਰ ਲੇਖ,
- ਰੰਗੀਨ ਤਸਵੀਰਾਂ ।

ਕੀਮਤ ਕੇਵਲ ਪੰਜ ਰੁਪਏ

ਮਿਲਣ ਦਾ ਪਤਾ .

.ਮਾਸਕ ਵਰਿਆਮ, ਲਾਡੋਵਾਲੀ ਰੋਡ ਜਲੰਧਰ ।

ਸਾਲਾਨਾ ਚੰਦਾ ੧੫/-

Sri Satguru Jagjit Singh Ji Elibrary NamdhariElibrary@gmail.com

ਮਾਸਕ **ਵਰਿਆਮ** ਜੁਲਾਈ ੧੯੮੦

ਜਿਲਦ ਨੰ: ੫ ਅੰਕ ਨੰ: ੯

ਸੰਪਾਦਕ : ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : ੧-੫੦ ਰੁਪਿਆ,
ਸਾਲਾਨਾ ਚੰਦਾ ਦੇਸ : ੧੫ ਰੁਪਏ

„ „ ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)
„ „ ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੨੦੦ ਰੁਪਏ ਕੇਵਲ ਦੇਸ ਵਿਚ

ਦਫ਼ਤਰ ਦਾ ਪਤਾ :	Office Address
ਮਾਸਕ ਵਰਿਆਮ,	Monthly WARIAM
ਲਾਡੋਵਾਲੀ ਰੋਡ	(Punjabi)
ਜਲੰਧਰ—੧੪੪੦੦੧.	Ladowali Road
ਫੋਨ : ੭੨੫੦੪ ਪੀ, ਪੀ,	Jullundur-144001
	Phone : 72504 P.P.

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕ ਵਲੋਂ

ਪ੍ਰਸਿਧ ਨਾਮਧਾਰੀ ਲੇਖਕ ਸੰਤ ਤਰਨ ਸਿੰਘ ਵਹਿਮੀ ਦੀ ਦੂਸਰੀ ਬਰਸੀ ੩ ਅਗਸਤ ਨੂੰ ਰਾਮ ਪੁਰ (ਸ੍ਰੀ ਜੀਵਨ ਨਗਰ-ਸਰਸਾ) ਵਿਖੇ ਮਨਾਈ ਜਾ ਰਹੀ ਹੈ।

ਵਰਿਆਮ ਦਾ ਹਥਲਾ ਅੰਕ ਉਹਨਾਂ ਦੀ ਯਾਦ ਵਿਚ ਤੱਟ-ਫਟ ਪ੍ਰਕਾਸ਼ਤ ਕੀਤਾ ਗਿਆ ਹੈ। ਉਹਨਾਂ ਨੂੰ ਇਕ ਲੇਖ ਰਾਹੀ ਸ਼ਰਧਾਂਜਲੀ ਦੇਣ ਦੇ ਖਿਆਲ ਨਾਲ ਸ਼ੁਰੂ ਕੀਤਾ ਅੰਕ ਸਮੁਚਾ ਹੀ ਉਹਨਾਂ ਨੂੰ ਸਮਰਪਤ ਹੋ ਗਿਆ ਹੈ।

ਸੰਤ ਤਰਨ ਸਿੰਘ ਵਹਿਮੀ ਅੰਕ ਬਾਰੇ ਕੁਝ ਵੀ ਪੂਰਵ ਤਹਿ ਕਰਨ ਤੋਂ ਬਿਨਾਂ ਹੀ ਇਸ ਵਿਚ ਸਮਗਰੀ ਦਿਤੀ ਗਈ ਹੈ। ਮੰਤਵ ਕੇਵਲ ਵਿਛੜੇ ਲੇਖਕ ਨੂੰ ਦੁਨੀਆ ਸਾਹਮਣੇ ਪੇਸ਼ ਕਰਨਾ ਹੈ। ਸੁਭਾਵਕ ਹੀ ਇਸ ਅੰਕ ਵਿਚ ਕਈ ਥਾਈਂ : ਗਲਾਂ ਦੀ ਦੁਹਰਾਈ ਹੋਈ ਹੋਵੇਗੀ ਅਤੇ ਵੱਖ ਵੱਖ ਲੇਖਕਾਂ ਦੇ ਖਿਆਲ ਅਤੇ ਦ੍ਰਿਸ਼ਟੀ ਕੋਨਾਂ ਵਿਚ ਫਰਕ ਵੀ ਸੰਭਵ ਹੈਂ। ਗਲਤੀਆਂ (ਸਮੇਤ ਪਰੂਫ਼ਾਂ ਦੇ) ਅਤੇ ਉਕਾਈਆਂ ਵੀ ਅਨੇਕਾਂ ਰਹਿ ਗਈਆਂ ਹੋਣਗੀਆਂ। ਇਸ ਤੋਂ ਇਲਾਵਾ ਅਸੀਂ ਲੇਖਕਾਂ ਨੂੰ ਇਸ ਅੰਕ ਵਾਸਤੇ ਸਹਿ-ਯੋਗ ਦੇਣ ਵਾਸਤੇ ਪਹੁੰਚ ਵੀ ਨਹੀਂ ਕਰ ਸਕੇ। ਵਹਿਮੀ ਜੀ ਦੇ ਅਨੇਕਾਂ ਪਿਆਰੇ ਇਸ ਅੰਕ ਵਿਚ ਸ਼ਾਮਲ ਹੋਣਾ ਚਾਹੁੰਦੇ ਹੋਣਗੇ। ਮਾਸਟਰ ਨਿਹਾਲ ਸਿੰਘ ਜੀ ਨੇ ਤਾਂ ਲੇਖ ਭੇਜਣ ਲਈ ਕਦੇ ਦਾ ਕਿਹਾ ਹੋਇਆ ਸੀ ਪਰ ਐਨ ਮੌਕੇ ਤੇ ਉਹਨਾਂ ਨਾਲ, ਬਾਵਜੂਦ ਜਤਨ ਦੇ ਸੰਪਰਕ ਨਹੀਂ ਹੋ ਸਕਿਆ। ਅਸੀਂ ਸਾਰਿਆਂ ਤੋਂ ਖਿਮਾ ਮੰਗਦੇ ਹੋਏ ਮਹਿਸੂਸ ਕਰਦੇ ਹਾਂ ਕਿ ਉਹਨਾਂ ਦੀਆਂ ਭਾਵਨਾਵਾਂ ਇਸ ਅੰਕ ਵਿਚ ਮੌਜੂਦ ਹਨ। ਅਤਿਅੰਤ ਮਜਬੂਰੀ ਵਸ ਕਈ ਰੇਗੂਲਰ ਕਾਲਮ ਵੀ ਇਸ ਵਾਰ ਗੈਰ ਹਾਜ਼ਰ ਕਰਨੇ ਪਏ ਹਨ। ਇਸ ਅੰਕ ਬਾਰੇ ਸਾਡਾ ਕੋਈ ਦਾਅਵਾ ਨਹੀਂ। ਸਾਡੀ ਕੇਵਲ ਇੱਕ ਹੀ ਪ੍ਰਾਪਤੀ ਹੈ ਇਕ ਨਿਸਚਿਤ ਸਮੇਂ ਤੇ ਪ੍ਰਕਾਸ਼ਤ ਕਰਨਾ। ਇਸ ਅੰਕ ਵਾਸਤੇ ਪਾਠਕਾਂ ਦੀਆਂ ਰਾਵਾਂ ਅਤੇ ਆਲੋਚਨਾ ਦਾ ਸੁਆਗਤ ਕਰਾਂਗੇ।

Sri Satguru Jagjit Singh Ji Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ASOKA BISCUIT

ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

**Phones : 565693
562588**

Sri Hari Partap Trading Centre

6/85 W. E. A. KAROL BAGH

NEW DELHI-110005

ਵਰਿਆਮ ਜੁਲਾਈ ੧੯੮੦

Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM July
Registered with the registrar of News Papers for India No. 26453/75

WITH BEST COMPLIMENTS

FROM

Harbhajan Sarabjit Associates

ENGINEERS & CONTRACTORS

124, Dussehra Ground, K O T A - 9

(Rajasthan)

ਐਡੀਟਰ, ਪ੍ਰਿੰਟਰ, ਪ੍ਰਕ ਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ

ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Monthly WARIAM Ladowali Road Jullundur-144001

Sri Satguru Jagjit Singh Ji Elibrary NamdhariElibrary@gmail.com